
S T & A Simpson, Thomas and Associates
People involved in a dispute or injury need strong, experienced representation. As a legal team with over 50 years' experience
We're raising the bar.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."
– Hannah St
BBB ACCREDITED BUSINESS
We have translators fluent in Hindi and Punjabi.
Reach out for a legal consultation.
604 689 8888
simpsonthomas.com
@stalawyers
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 25 SATURDAY, 24 JUNE, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤ੍ਰਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

## ਗੋਲਡੀ ਬਰਾੜ ਨੇ ਗਾਇਕ ਹਨੀ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ

ਚੰਡੀਗੜ੍ਹ-ਉੱਘੇ ਰੈਪਰ ਅਤੇ ਗਾਇਕ ਹਨੀ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਭਗੌੜੇ ਗੈਂਗਸਟਰ ਗੋਲਡੀ ਬਰਾੜ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਉਨ੍ਹਾਂ ਦਿੱਲੀ ਪੁਲੀਸ ਦੇ ਦਫ਼ਤਰ 'ਚ ਸ਼ਿਕਾਇਤ ਦਿੰਦਿਆਂ ਸੁਰੱਖਿਆ ਦੀ ਮੰਗ ਕੀਤੀ ਹੈ। ਪੁਲੀਸ ਕਮਿਸ਼ਨਰ ਨਾਲ ਮੁਲਾਕਾਤ ਮਗਰੋਂ ਇਕ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਹਨੀ ਸਿੰਘ



ਨੇ ਕਿਹਾ,"ਮੈਂ ਡਰ ਗਿਆ ਹਾਂ ਅਤੇ ਮੇਰਾ ਪੂਰਾ ਪਰਿਵਾਰ ਡਰਿਆ ਹੋਇਆ ਹੈ। ਮੌਤ ਦਾ ਕਿਸ ਨੂੰ ਡਰ ਨਹੀਂ ਹੁੰਦਾ ਹੈ ? ਇਹ ਪਹਿਲੀ ਵਾਰ ਹੈ ਜਦੋਂ ਮੈਨੂੰ ਕੋਈ ਧਮਕੀ ਮਿਲੀ ਹੈ। ਉਂਜ ਲੋਕਾਂ ਤੋਂ ਮੈਨੂੰ ਬਹੁਤ ਸਾਰਾ ਪਿਆਰ ਮਿਲਿਆ ਹੈ।" ਗਾਇਕ ਨੇ ਕਿਹਾ ਕਿ ਉਸ ਨੂੰ ਅਤੇ ਸਟਾਫ਼ ਨੂੰ ਕੌਮਾਂਤਰੀ ਨੰਬਰਾਂ ਤੋਂ ਧਮਕੀ ਭਰੀਆਂ ਕਾਲਾਂ ਆਈਆਂ ਅਤੇ ਧਮਕੀ ਦੇਣ ਵਾਲਾ ਆਪਣੇ ਆਪ ਨੂੰ ਗੋਲਡੀ ਬਰਾੜ ਆਖ ਰਿਹਾ ਸੀ। ਹਨੀ ਸਿੰਘ ਨੇ ਕਮਿਸ਼ਨਰ ਨੂੰ ਧਮਕੀ ਦੇ ਸਬੂਤ ਦਿੰਦਿਆਂ ਬੇਨਤੀ ਕੀਤੀ ਹੈ ਕਿ ਉਸ ਨੂੰ ਸੁਰੱਖਿਆ ਦਿੱਤੀ ਜਾਵੇ ਅਤੇ ਮਾਮਲੇ ਦੀ ਤਹਿ ਤੱਕ ਪਹੁੰਚਿਆ ਜਾਵੇ। ਜ਼ਿਕਰਯੋਗ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦਾ ਸਾਥੀ ਗੋਲਡੀ ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦਾ ਮੁੱਖ ਦੋਸ਼ੀ ਅਤੇ ਮਾਸਟਰਮਾਈਂਡ ਹਨ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਹੱਤਿਆ ਕਰ ਦਿੱਤੀ ਗਈ ਸੀ ਅਤੇ ਗੋਲਡੀ ਬਰਾੜ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਕਬੂਲਿਆ ਸੀ ਕਿ ਉਸ ਨੇ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਘੜੀ ਸੀ।

# ਨਵ ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ

## ਪੰਜਾਬ ਵਿਧਾਨ ਸਭਾ 'ਚ ਲਿਆਂਦਾ ਸਿੱਖ ਗੁਰਦੁਆਰਾ ਸੋਧ ਬਿੱਲ ਮੰਦਭਾਗਾ ਕਰਾਰ; ਵੱਖ ਵੱਖ ਜਥੇਬੰਦੀਆਂ ਨੇ ਦਸਤਾਰਾਂ ਭੇਟ ਕਰਕੇ ਦਿੱਤੀ ਮਾਨਤਾ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਲ ਹੀ 'ਚ ਨਿਯੁਕਤ ਕੀਤੇ ਗਏ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅੱਜ ਪੰਥਕ ਰਵਾਇਤਾਂ ਅਨੁਸਾਰ ਸੇਵਾ ਸੰਭਾਲ ਲਈ ਹੈ। ਇਸ ਮਗਰੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ 'ਚ ਲਿਆਂਦੇ ਗਏ ਸਿੱਖ ਗੁਰਦੁਆਰਾ ਸੋਧ ਬਿੱਲ ਨੂੰ ਮੰਦਭਾਗਾ ਆਖਿਆ ਹੈ।



ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸੇਵਾ ਸੰਭਾਲ ਸਮਾਗਮ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਗਿਆਨੀ ਰਘਬੀਰ ਸਿੰਘ ਦੇ ਨਾਂਅ ਦਾ ਰਸਮੀ ਐਲਾਨ ਕੀਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਅੰਤ੍ਰਿੰਗ ਕਮੇਟੀ ਦੇ ਇਸ ਫੈਸਲੇ ਵਾਲਾ ਮਤਾ ਪੜ੍ਹਿਆ। ਉਨ੍ਹਾਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਨਾਮਜ਼ਦ ਕੀਤੇ ਜਾਣ ਦੇ ਫੈਸਲੇ ਬਾਰੇ ਦੱਸਿਆ। ਇਸ ਮੌਕੇ ਗੁਰਬਾਣੀ ਦੇ ਕੀਰਤਨ ਤੇ ਅਰਦਾਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਪਹਿਲੀ ਦਸਤਾਰ ਨਵ-ਨਿਯੁਕਤ ਜਥੇਦਾਰ ਗਿਆਨੀ ਅਮਰਜੀਤ ਸਿੰਘ ਨੇ ਭੇਟ ਕੀਤੀ। ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ *(ਬਾਕੀ ਸਫ਼ਾ 7 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਰੀ ਦੀ ਮੇਅਰ ਬਰੈਂਡਾ ਲੌਕ ਨੇ ਪੁਲਿਸ ਟਰਾਂਜ਼ੀਸ਼ਨ ਦੀ ਜਾਂਚ ਕਰਵਾਉਣ ਦੀ ਦਿੱਤੀ ਧਮਕੀ

ਸਰੀ-ਇਥੋਂ ਦੀ ਮੇਅਰ ਬਰੈਂਡਾ ਲੋਕ ਅਤੇ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਵਿਚਕਾਰ




ਟਕਰਾਅ ਵਧਣ ਪਿੱਛੋਂ ਲੋਕ ਨੇ ਸ਼ਹਿਰ ਦੀ ਪੁਲਿਸ ਟਰਾਂਜ਼ੀਸ਼ਨ ਅਸਫਲਤਾ ਦੀ ਜਾਂਚ ਕਰਵਾਉਣ ਦੀ ਧਮਕੀ ਦਿੱਤੀ ਹੈ। ਸਰੀ ਸਿਟੀ ਨੂੰ 19 ਜੂਨ ਨੂੰ ਸਾਲਿਸਟਰ ਜਨਰਲ ਵਲੋਂ ਇਹ ਅਲਟੀਮੇਟਮ ਦੇਣ ਕਿ ਜੇਕਰ ਉਸ ਨੂੰ ਦੁਪਹਿਰ ਇਕ ਵਜੇ ਤਕ ਸਰੀ ਪੁਲਿਸ ਮੁੱਦੇ ਨਾਲ ਸਬੰਧਤ ਕਾਰਪੋਰੇਟ ਰਿਪੋਰਟ ਨਾ ਮਿਲੀ ਤਾਂ ਉਹ ਇਸ ਤੋਂ ਬਿਨ੍ਹਾਂ ਹੀ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਪੁਲਿਸ ਪ੍ਰਬੰਧ ਬਾਰੇ ਜੋ ਵੀ ਜ਼ਰੂਰੀ ਹੋਇਆ ਫ਼ੈਸਲਾ ਲੈਣ ਲਈ ਮਜ਼ਬੂਰ ਹੋਣਗੇ ਦੇ ਜਵਾਬ ਵਿਚ ਲੋਕ ਨੇ ਨਾਓ-ਲੀਡਰ ਨੂੰ ਦੱਸਿਆ ਕਿ ਮਾਈਕ ਫਾਰਨਵਰਥ ਸ਼ਰਮ ਕਰੋ। ਫਾਰਨਵਰਥ ਨੇ ਕਿਹਾ ਕਿ ਇਹ ਮਹੱਤਵਪੂਰਣ ਹੈ ਕਿ ਉਨ੍ਹਾਂ ਨੂੰ ਰਿਪੋਰਟ ਮਿਲੇ। ਹੁਣ ਖੇਡਾਂ ਖੇਡਣ ਦਾ ਸਮਾਂ ਨਹੀਂ। ਸਰੀ ਵਿਚ ਲੋਕਾਂ ਦੀ ਸੁਰੱਖਿਆ ਮੁਹੱਤਵਪੂਰਣ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਮੰਤਰਾਲੇ ਦੇ ਅਧਿਕਾਰੀਆਂ ਨੇ ਸਿਟੀ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਰਿਪੋਰਟ ਦਾ ਨਿਰੀਖਣ ਕਰਨ ਲਈ ਦੁਪਹਿਰ ਇਕ ਵਜੇ ਤਕ ਰਿਪੋਰਟ ਦਿੱਤੀ ਜਾਵੇ ਨਹੀਂ ਤਾਂ ਉਹ ਇਸ ਤੋਂ ਬਿਨ੍ਹਾਂ ਹੀ ਫ਼ੈਸਲਾ ਲੈਣ ਲਈ ਮਜ਼ਬੂਰ ਹੋਣਗੇ। ਇਸ ਤੋਂ ਪਹਿਲਾਂ ਸੋਮਵਾਰ ਲੋਕ ਨੇ ਉਸ ਨੂੰ ਕਦੇ ਵੀ ਵਾਪਸ ਫੋਨ ਕਾਲ ਨਾ ਕਰਨ ਲਈ ਫਾਰਨਵਰਥ ਦੀ ਨਿਖੇਧੀ ਕੀਤੀ। ਕੌਂਸਲ ਦੀ ਮੀਟਿੰਗ ਪਿੱਛੋਂ ਉਸ ਨੇ ਫਾਰਨਵਰਥ ਨੂੰ ਫੋਨ ਕੀਤਾ ਸੀ ਕਿਉਂਕਿ ਉਸ ਸਮੇਂ ਸਾਨੂੰ ਵੀ ਫ਼ੈਸਲੇ ਦੇ ਨਤੀਜੇ ਬਾਰੇ ਜਾਣਕਾਰੀ ਨਹੀਂ ਸੀ। ਉਸ ਨੇ ਉਸ ਨੂੰ ਅਤੇ ਏਬੀ ਦੋਵਾਂ ਨੂੰ ਫੋਨ ਕੀਤਾ ਅਤੇ ਦੋਵਾਂ ਨੇ ਕਿਹਾ ਕਿ ਜਦੋਂ ਤਕ ਰਿਪੋਰਟ ਨਹੀਂ ਮਿਲਦੀ ਉਹ ਉਸ ਨਾਲ ਗੱਲਬਾਤ ਨਹੀਂ ਕਰਨਗੇ। ਇਹ ਉਨ੍ਹਾਂ ਦੀ ਰਿਪੋਰਟ ਨਹੀਂ, ਇਹ ਉਨ੍ਹਾਂ ਦਾ ਅਧਿਕਾਰ ਨਹੀਂ। ਫ਼ੈਸਲਾ ਲੈਣ ਲਈ ਮੀਟਿੰਗ ਸੱਦਣਾ ਉਸ ਦਾ ਅਧਿਕਾਰ ਹੈ। 15 ਜੂਨ ਨੂੰ ਕੌਂਸਲ ਨੇ ਐਸਪੀਐਸ ਦੀ ਬਜਾਏ ਆਰਸੀਐਮਪੀ ਨੂੰ ਸਿਟੀ ਪੁਲਿਸ ਬਣਾਈ ਰੱਖਣ ਦੇ ਪੱਖ ਵਿਚ 6-3 ਨਾਲ ਵੋਟ ਦਿੱਤਾ ਸੀ।

# ਐਥਿਕਸ ਕਮਿਸ਼ਨਰ ਦੇ ਹੈਰਾਨ ਕਰਨ ਵਾਲੇ ਖੁਲਾਸੇ 'ਤੇ ਕੌਂਸਲਰ ਚੁੱਪ

ਸਰੀ-ਸਰੀ ਕੁਨੈਕਟ ਕੌਂਸਲਰ ਰੌਬ ਸਟੱਟ ਖਿਲਾਫ ਫਰਵਰੀ ਵਿਚ ਸਰੀ ਪੁਲਿਸ ਯੂਨੀਅਨ ਵਲੋਂ ਉਸ ਦੀ ਪੁਲਿਸ ਟਰਾਂਜ਼ੀਸ਼ਨ 'ਤੇ ਵੋਟ ਦੇਣ ਸਬੰਧੀ ਉਸ ਦੀ ਅਯੋਗਤਾ ਖਿਲਾਫ ਕਨਫਲਿਕਟ-ਆਫ-ਇੰਟਰੈਸਟ ਬਾਰੇ ਦਿੱਤੀ ਸ਼ਿਕਾਇਤ ਨਾਲ ਸਬੰਧਤ ਐਥਿਕ ਕਮਿਸ਼ਨਰ ਦੇ ਖੁਲਾਸਿਆਂ ਨੂੰ ਦੇਖਦੇ ਹੋਏ ਉਹ ਸਿਟੀ ਕੌਂਸਲ ਦੇ ਕੁਝ ਸਾਥੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਸੇਫ ਸਰੀ ਕੁਲੀਸ਼ਨ ਨੇ ਦੋਸ਼ ਲਗਾਇਆ ਕਿ ਕੌਂਸਲਰ ਰੌਬ ਸਟੱਟ ਵਲੋਂ ਪੁਲਿਸ ਪ੍ਰਬੰਧ ਮੁੱਦੇ 'ਤੇ ਦਿੱਤਾ ਵੋਟ ਗੈਰਕਾਨੂੰਨੀ ਅਤੇ ਅਵੈਧ ਸੀ। ਐਸਪੀਯੂ ਨੇ ਸਰੀ ਦੇ ਸਾਬਕਾ ਪੁਲਿਸ ਅਧਿਕਾਰੀ ਸਟੱਟ ਨੂੰ ਪੁਲਿਸ ਬਾਰੇ ਵੋਟਿੰਗ ਤੋਂ ਆਪਣੇ ਆਪ ਨੂੰ ਦੂਰ ਰੱਖਣ ਜਾਂ ਉਸ ਨੂੰ ਉਦੋਂ ਤਕ ਅਯੋਗ ਕਰਾਰ ਦੇਣ ਲਈ ਕਿਹਾ ਸੀ ਜਦੋਂ ਤਕ ਸਰੀ ਐਥਿਕ ਕਮਿਸ਼ਨਰ ਉਸ ਦੇ ਖਿਲਾਫ ਸ਼ਿਕਾਇਤ 'ਤੇ ਅੰਤਿਮ ਫ਼ੈਸਲਾ ਨਹੀਂ ਲੈ ਲੈਂਦਾ। ਫਰਵਰੀ ਵਿਚ ਯੂਨੀਅਨ ਨੇ ਕਮਿਸ਼ਨਰ ਕੋਲ ਸ਼ਿਕਾਇਤ ਕਰਕੇ ਸਟੱਟ ਖਿਲਾਫ ਕਨਫਲਿਕਟ ਆਫ ਇੰਟਰੈਸਟ ਦਾ ਦੋਸ਼ ਲਗਾਇਆ। ਇਸ ਦੇ ਪ੍ਰਧਾਨ ਰੋਬ ਸਟੇਵਾਰਡ ਨੇ ਦੋਸ਼ ਲਗਾਇਆ ਕਿ ਸਟੱਟ ਨੇ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਰੋਕਣ ਲਈ ਇਹ ਖੁਲਾਸਾ ਕਰਨ ਤੋਂ ਬਿਨ੍ਹਾਂ ਵੋਟ ਦਿੱਤਾ ਕਿ ਉਸ



ਦਾ ਪੁੱਤਰ ਸਰੀ ਆਰਸੀਐਮਪੀ ਵਿਚ ਮੁਲਾਜ਼ਮ ਹੈ ਅਤੇ ਉਸ ਦੀ ਧੀ ਨੂੰ ਆਰਸੀਐਮਪੀ ਵਿਚ ਜ਼ਿੰਮੇਵਾਰੀ ਦਿੱਤੀ ਗਈ ਹੈ। ਸਟੱਟ ਨੇ ਇਸ ਮਾਮਲੇ ਵਿਚ ਆਪਣੇ ਆਪ ਨੂੰ ਵੱਖ ਨਹੀਂ ਰੱਖਿਆ।


# ਕੌਂਸਲਰ ਨੇ ਨੈਤਿਕ ਨਿਯਮਾਂ ਦੀ ਉਲੰਘਣਾ ਕੀਤੀ-ਐਥਿਕ ਕਮਿਸ਼ਨਰ ਵਲੋਂ ਖੁਲਾਸਾ

ਸਰੀ-ਸ਼ਹਿਰ ਦੇ ਨਵੇਂ ਐਥਿਕ ਕਮਿਸ਼ਨਰ ਨੇ ਫ਼ੈਸਲਾ ਦਿੱਤਾ ਕਿ ਮੇਅਰ ਬਰੈਂਡਾ ਲੋਕ ਦੀ ਪਾਰਟੀ ਦਾ ਕੌਂਸਲਰ ਉਸ ਸਮੇਂ ਕਨਫਲਿਕਟ ਵਿਚ ਸੀ ਜਦੋਂ ਉਸ ਨੇ ਆਰਸੀਐਮਪੀ ਨੂੰ ਸ਼ਹਿਰ ਦੀ ਅਧਿਕਾਰਤ ਪੁਲਿਸ ਬਣਾਈ ਰੱਖਣ ਲਈ ਨਵੰਬਰ ਵਿਚ ਫ਼ੈਸਲੇ ਦੇ ਪੱਖ ਵਿਚ ਵੋਟ ਦਿੱਤਾ ਸੀ ਅਤੇ ਜੇਕਰ ਕੌਂਸਲਰ ਵੋਟ ਨਾ ਦਿੰਦਾ ਤਾਂ ਇਹ ਮਤਾ ਫੇਲ ਹੋ ਜਾਣਾ ਸੀ ਪਰ ਐਥਿਕ ਕਮਿਸ਼ਨਰ ਦੇ ਫ਼ੈਸਲੇ ਦਾ ਉਸ ਸਮੇਂ ਤਕ ਕੋਈ ਅਸਰ ਨਹੀਂ ਜਦੋਂ ਤਕ ਕੌਂਸਲਰ ਰੋਬ ਸਟੱਟ ਵਲੋਂ ਸ਼ਹਿਰ ਦੇ ਪੁਲਿਸ ਪ੍ਰਬੰਧ ਸਬੰਧੀ ਵੋਟਿੰਗ ਵਿਚ ਸ਼ਮੂਲੀਅਤ ਨੂੰ ਅਦਾਲਤ ਵਿਚ ਚੁਣੌਤੀ ਨਹੀਂ ਦਿੱਤੀ ਜਾਂਦੀ। ਵੋਟ ਦੇਣ ਸਮੇਂ ਸਟੱਟ ਦੇ ਪਰਿਵਾਰ ਦੇ ਦੋ ਮੈਂਬਰ ਸਰੀ ਆਰਸੀਐਮਪੀ ਵਿਚ ਮੁਲਾਜ਼ਮ ਸਨ। ਦੋ ਵਿਰੋਧੀ ਪਾਰਟੀਆਂ ਦੇ ਕੌਂਸਲਰਾਂ ਨੇ ਸਮੁੱਚੀ ਪ੍ਰਕਿਰਿਆ ਅਤੇ ਗੈਰਅਧਿਕਾਰਤ ਵੋਟ ਦੇ ਨਤੀਜਿਆਂ ਦੀ ਆਲੋਚਨਾ ਕੀਤੀ ਹੈ ਪਰ ਉਨ੍ਹਾਂ ਇਸ ਗੱਲ ਦਾ ਸੰਕੇਤ ਨਹੀਂ ਦਿੱਤਾ ਕਿ ਉਹ ਅਦਾਲਤ ਵਿਚ ਜਾ ਰਹੇ ਹਨ। ਸਰੀ ਪੁਲਿਸ ਯੂਨੀਅਨ ਜਿਸ ਨੇ ਅਸਲ ਵਿਚ ਐਥਿਕ ਕਮਿਸ਼ਨਰ ਕੋਲ ਮੁੱਦੇ ਬਾਰੇ ਸ਼ਿਕਾਇਤ ਕੀਤੀ ਸੀ ਨੇ ਕਿਹਾ ਕਿ ਉਹ ਕਾਨੂੰਨੀ ਚੁਣੌਤੀ ਸ਼ੁਰੂ ਨਹੀਂ ਕਰੇਗੀ ਸਗੋਂ ਇਸ ਗੱਲ ਦੀ ਉਡੀਕ ਕਰੇਗੀ ਕਿ



ਸਰੀ ਦੇ ਪੁਲਿਸ ਪ੍ਰਬੰਧ ਬਾਰੇ ਵਧ ਰਹੀ ਸ਼ਬਦੀ ਜੰਗ ਵਿਚ ਬੀਸੀ ਦੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਕੀ ਫ਼ੈਸਲਾ ਲੈਂਦੇ ਹਨ।






# ਟਰੱਕ ਡਰਾਈਵਰ ਲਾਇਸੈਂਸ ਸੇਵਾਵਾਂ ਨੂੰ ਨਿਊਟਨ ਤੋਂ ਬਾਹਰ ਲਿਜਾਣਾ ਚਾਹੁੰਦੀ ਹੈ ਸਰੀ ਕੌਂਸਲ

ਸਰੀ-ਆਵਾਜਾਈ ਦੇ ਭੀੜ-ਭੜੱਕੇ ਦੌਰਾਨ ਸਥਾਨਕ ਸੜਕਾਂ ਤੋਂ ਕਮਰਸ਼ੀਅਲ ਟਰੱਕ ਡਰਾਈਵਿੰਗ ਵਿਦਿਆਰਥੀਆਂ ਨੂੰ ਰੋਕਣ ਵਾਲੇ ਮਤੇ ਦੇ ਜਵਾਬ ਵਿਚ ਸਰੀ ਕੌਂਸਲ ਨੇ ਸਿਟੀ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਸੂਬਾ ਸਰਕਾਰ ਨੂੰ ਲਿਖੇ ਕਿ ਕੀ ਨਿਊਟਨ ਤੋਂ ਬਿਨ੍ਹਾਂ ਕੋਈ ਹੋਰ ਥਾਂ ਕਲਾਸ ਵਨ ਡਰਾਈਵਰਜ਼ ਲਾਇਸੈਂਸ ਸੇਵਾਵਾਂ ਲਈ ਮਨੋਨੀਤ ਕੀਤੀ ਜਾ ਸਕਦੀ ਹੈ ਜਾਂ ਨਹੀਂ। ਕੌਂਸਲਰ ਪ੍ਰਦੀਪ ਕੂਨਰ ਨੇ 5 ਜੂਨ ਨੂੰ ਇਕ ਮਤੇ ਦਾ ਨੋਟਿਸ ਦੇ ਕੇ ਕਿਹਾ ਸੀ ਕਿ ਕੌਂਸਲ ਸਿਟੀ ਸਟਾਫ ਨੂੰ ਇਹ ਰਿਪੋਰਟ ਦੇਣ ਲਈ ਕਹੇ ਕਿ ਸਰੀ ਸਿਟੀ ਨੇ ਲੈਂਗਲੀ ਅਤੇ ਡੈਲਟਾ ਦੇ ਮੁਕਾਬਲੇ ਕਿੰਨੇ ਕਲਾਸ ਵਨ ਡਰਾਈਵਿੰਗ ਸਕੂਲ ਬਿਜਨਸ ਲਾਇਸੰਸ ਜਾਰੀ ਕੀਤੇ ਹਨ, ਸੜਕਾਂ 'ਤੇ ਭੀੜ-ਭਾੜ ਸਮੇਂ ਵਿਦਿਆਰਥੀ ਟਰੱਕ ਡਰਾਈਵਰਜ਼ ਦੇ ਘੰਟੇ ਸੀਮਤ ਕਰਨ ਅਤੇ ਉਨ੍ਹਾਂ ਘੰਟਿਆਂ ਦੌਰਾਨ ਸ਼ਹਿਰ, ਖ਼ਾਸਕਰ ਨਿਊਟਨ ਇੰਡਸਟਰੀਅਲ ਏਰੀਆ ਦੀਆਂ ਮੁੱਖ ਸੜਕਾਂ 'ਤੇ ਅਭਿਆਸ ਕਰਨ ਤੋਂ ਦੂਰ ਰੱਖਣ ਦਾ ਸੰਭਾਵਨਾ ਦਾ ਪਤਾ ਲਗਾਵੇ। ਸਿਟੀ ਸਟਾਫ ਕਲਾਸ ਵਨ ਵਿਦਿਆਰਥੀਆਂ ਦੇ ਅਭਿਆਸ ਦੇ ਘੰਟਿਆਂ ਅਤੇ ਭੀੜ ਵਾਲੇ ਸਮੇਂ ਦੌਰਾਨ ਡਰਾਈਵਿੰਗ ਅਭਿਆਸ ਨਾ ਕਰਨ ਵਰਗੀਆਂ ਬਿਜਨਸ ਲਾਇਸੰਸ ਸ਼ਰਤਾਂ ਲਈ ਸੋਧ ਦਾ ਪਤਾ ਲਗਾਵੇ। ਕੌਂਸਲਰ ਲਿੰਡਾ ਐਨਿਸ ਨੇ ਕਿਹਾ ਕਿ ਉਹ ਇਸ ਗੱਲ ਦਾ ਸਮਰਥਨ ਕਰਦੀ ਹੈ ਕਿ ਸਰੀ ਨੇ ਦੂਸਰੇ ਸ਼ਹਿਰਾਂ ਨਾਲ ਤੁਲਨਾ ਸ਼ੁਰੂ ਕੀਤੀ ਹੈ ਪਰ ਇਹ ਮਹੱਤਵਪੂਰਣ ਹੈ ਕਿ ਡਰਾਈਵਰ ਸਾਰੀ ਕਿਸਮ ਦੀਆਂ ਆਵਾਜਾਈ ਸਥਿਤੀਆਂ ਬਾਰੇ ਸਿੱਖਣ, ਨਹੀਂ ਤਾਂ ਉਹ ਕਦੋਂ ਕਿਵੇ ਸਿੱਖਣਗੇ।

## ਵੈਨਕੂਵਰ ਆਈਲੈਂਡ ਦੇ ਉੱਤਰੀ ਪੱਛਮੀ ਤਟ 'ਤੇ ਜਹਾਜ਼ ਦੁਰਘਟਨਾ ਗ੍ਰਸਤ-ਦੋ ਮਰੇ

ਵੈਨਕੂਵਰ-ਵੈਨਕੂਵਰ ਆਈਲੈਂਡ ਦੇ ਉੱਤਰੀ ਪੱਛਮੀ ਤੱਟ 'ਤੇ ਇਕ ਜਹਾਜ਼ ਦੇ ਦੁਰਘਟਨਾ ਗ੍ਰਸਤ ਹੋਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ। ਆਰਸੀਐਮਪੀ ਨੇ ਦੱਸਿਆ ਕਿ ਦੁਰਘਟਨਾ ਦੇ ਵੇਰਵੇ ਬਹੁਤ ਘੱਟ ਮਿਲੇ ਹਨ ਅਤੇ ਜਹਾਜ਼ ਮੈਸੇਟ ਅਤੇ ਟੋਫਿਨੋ ਵਿਚਕਾਰ ਉਡ ਰਿਹਾ ਸੀ। ਨੂਟਕਾ ਸਾਊਂਡ ਆਰਸੀਐਮਪੀ ਮੁਤਾਬਿਕ ਜਦੋਂ ਮਿਜ਼ੋਨਾ ਪੁਆਇੰਟ ਨੇੜੇ ਤਾਹਸਿਸ ਇਨਲੈਟ ਵਿਚ ਜਹਾਜ਼ ਦੁਰਘਟਨਾ ਗ੍ਰਸਤ ਹੋਇਆ ਉਸ ਸਮੇਂ ਜਹਾਜ਼ ਵਿਚ ਚਾਰ ਵਿਅਕਤੀ ਸਵਾਰ ਸਨ। ਆਰਸੀਐਮਪੀ ਨੂੰ ਦੁਰਘਟਨਾ ਦੀ ਪਹਿਲੀ ਰਿਪੋਰਟ ਦੁਪਹਿਰ 2 ਵਜੇ ਦੇ ਕਰੀਬ ਮਿਲੀ। ਰਿਪੋਰਟ ਮਿਲਣ ਪਿੱਛੋਂ ਜਾਇੰਟ ਰਸਕਿਊ ਕੋਆਰਡੀਨਸ਼ਨ ਸੈਂਟਰ ਅਤੇ ਕੋਸਟ ਤੋਂ ਅਮਲੇ ਦੇ ਮੈਂਬਰ ਮੌਕੇ 'ਤੇ ਪੁੱਜੇ ਅਤੇ ਪੁਲਿਸ ਕਿਸ਼ਤੀ ਰਾਹੀਂ ਪੁੱਜੀ। ਇਹ ਗੱਲ ਸਪਸ਼ਟ ਨਹੀਂ ਕਿ ਦੁਰਘਟਨਾ ਕਿਉਂ ਹੋਈ ਪਰ ਆਰਸੀਐਮਪੀ ਨੇ ਇਕ ਬਿਆਨ ਵਿਚ ਕਿਹਾ ਕਿ ਉਹ ਦੁਰਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਟੀਐਮਸਬੀ ਅਤੇ ਬੀਸੀ ਕੋਰੋਨਰਜ਼ ਸਰਵਿਸ ਨਾਲ ਕੰਮ ਕਰ ਰਹੇ ਹਨ।

## ਲੈਂਗਲੀ ਸਿਟੀ 'ਚ ਅੱਲੜ ਮੁੰਡਿਆਂ ਦੀ ਲੜਾਈ ਦੌਰਾਨ ਇਕ ਵਿਅਕਤੀ ਚਾਕੂ ਹਮਲੇ ਵਿਚ ਜ਼ਖ਼ਮੀ

ਸਰੀ-ਡਾਊਨਟਾਊਨ ਲੈਂਗਲੀ ਸਿਟੀ ਵਿਚ ਅੱਧੀ ਰਾਤ ਤੋਂ ਥੋੜਾ ਪਹਿਲਾਂ ਇਕ ਵਿਅਕਤੀ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਜਿਸ ਪਿੱਛੋਂ ਪੁਲਿਸ ਨੇ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕਾਰਪੋਰਲ ਕਰੈਗ ਵੈਨ ਹਰਕ ਨੇ ਦੱਸਿਆ ਕਿ 30 ਦੇ ਦਹਾਕੇ ਦੇ ਇਸ ਵਿਅਕਤੀ ਤੇ ਨੌਜਵਾਨ ਲੋਕਾਂ ਦੇ ਗਰੁੱਪ ਵਿਚਕਾਰ ਝਗੜਾ ਹੋਣ ਪਿੱਛੋਂ ਉਸ ਦੇ ਢਿੱਡ ਵਿਚ ਚਾਕੂ ਮਾਰ ਦਿੱਤਾ ਗਿਆ। ਵੈਨ ਹਰਕ ਨੇ ਦੱਸਿਆ ਕਿ ਮੌਕੇ 'ਤੇ ਪਹੁੰਚਣ ਤੋਂ ਥੋੜੀ ਦੇਰ ਬਾਅਦ ਪੁਲਿਸ ਨੇ ਤਿੰਨ ਸ਼ੱਕੀਆਂ ਦੀ ਪਛਾਣ ਕੀਤੀ। ਇਕ ਕਿਸ਼ੋਰ ਤੇ ਦੋ ਬਾਲਗਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਪਰ ਅਜੇ ਦੋਸ਼ ਨਹੀਂ ਲਗਾਏ ਗਏ। ਲੈਂਗਲੀ ਜਨਰਲ ਇਨਵੈਸਟੀਗੇਸ਼ਨ ਸੈਕਸ਼ਨ ਨੇ ਫਾਈਲ ਦਾ ਸੰਚਾਲਨ ਕੀਤਾ ਹੈ ਅਤੇ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਪੀੜਤ ਦੇ ਜ਼ਖ਼ਮ ਜਾਨਲੇਵਾ ਨਹੀਂ ਅਤੇ ਉਸ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ ਹੈ। ਇਕ ਗੁਆਂਢੀ ਜਿਸ ਨੇ ਆਪਣਾ ਨਾਂਅ ਨਹੀਂ ਦੱਸਿਆ ਨੇ ਕਿਹਾ ਕਿ ਲਗਦਾ ਹੈ ਕਿ ਇਹ ਘਟਨਾ ਰਾਤ 10 ਵਜੇ ਸ਼ੁਰੂ ਹੋਈ ਜਿਸ ਵਿਚ ਕਿਸ਼ੋਰਾਂ ਦੇ ਗਰੁੱਪ ਸ਼ਾਮਿਲ ਸਨ। ਉਸ ਦਾ ਅਨੁਮਾਨ ਹੈ ਕਿ ਇਲਾਕੇ ਵਿਚ 20 ਤੋਂ 30 ਕਿਸ਼ੋਰ ਸਨ। ਰੌਲਾ ਵਧਣ ਪਿੱਛੋਂ ਗੁਆਂਢੀ ਨੇ ਪੁਲਿਸ ਨੂੰ ਫੋਨ ਕਰ ਦਿੱਤਾ।

# ਮੰਤਰੀ ਮੰਡਲ ਵਿਚ ਫੇਰਬਦਲ ਦੀਆਂ ਚਰਚਾਵਾਂ ਦਰਮਿਆਨ ਸੰਸਦ ਨੂੰ ਦੋ ਦਿਨ ਪਹਿਲਾਂ ਉਠਾਇਆ

ਓਟਵਾ-ਪਾਰਲੀਮੈਂਟ ਮੈਂਬਰਾਂ ਨੇ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਕਰਨ ਲਈ ਹਾਊਸ ਆਫ ਕਾਮਨਜ਼ ਦੀ ਮੌਜੂਦਾ ਬੈਠਕ ਨੂੰ ਦੋ ਦਿਨ ਪਹਿਲਾਂ ਹੀ ਸਮੇਟ ਲਿਆ ਅਤੇ ਇਹ ਚਰਚਾਵਾਂ ਵਧ ਰਹੀਆਂ ਹਨ ਕਿ ਫੈਡਰਲ ਮੰਤਰੀ ਮੰਡਲ ਵਿਚ ਫੇਰਬਦਲ ਕੀਤੇ ਜਾਣ ਦੀ ਸੰਭਾਵਨਾ ਹੈ। ਆਖਰੀ ਦਿਨ ਹਾਊਸ ਆਫ ਕਾਮਨਜ਼ ਨੇ ਮੁੱਠੀ ਭਰ ਬਿੱਲ ਪਾਸ ਕਰਨ ਅਤੇ ਸਰਕਾਰੀ ਖਰਚਾ ਆਈਟਮਾਂ ਲਈ ਸਰਕਾਰੀ ਹਾਊਸ ਲੀਡਰ ਮਾਰਕ ਹਾਲੈਂਡ ਦੇ ਮਤੇ ਨੂੰ ਪ੍ਰਵਾਨ ਕਰ ਲਿਆ। ਬਾਅਦ ਵਿਚ ਐਮਪੀਜ਼ ਨੇ ਆਖਰੀ ਦਿਨ ਗਰਮੀਆਂ ਲਈ ਸਦਨ ਨੂੰ ਉਠਾਉਣ ਲਈ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ। ਪਿਛਲੇ ਕੁਝ ਹਫ਼ਤਿਆਂ ਵਿਚ ਲਿਬਰਲਜ਼ ਨੇ ਐਨਡੀਪੀ ਦੇ ਸਮਰਥਨ ਵਾਲੇ ਪ੍ਰੋਸੀਜ਼ਰਲ ਮਤਿਆਂ ਰਾਹੀਂ ਕਈ ਸਰਕਾਰੀ ਬਿੱਲਾਂ 'ਤੇ ਬਹਿਸ ਬੰਦ ਕਰ ਦਿੱਤੀ ਸੀ। ਇਸ ਬਹਿਸ ਵਿਚ ਬਜਟ ਬਿੱਲ, ਸੀ-18, ਦੀ ਆਨਲਾਈਨ ਨਿਊਜ਼ ਬਿੱਲ ਨਾਲ ਸਬੰਧਤ ਸੈਨੇਟ ਸੋਧਾਂ ਸ਼ਾਮਿਲ ਸਨ ਜਿਨ੍ਹਾਂ ਨੂੰ ਅੰਤਿਮ ਪ੍ਰਵਾਨਗੀ ਲਈ ਸੈਨੇਟ ਕੋਲ ਭੇਜਿਆ ਗਿਆ ਸੀ। ਸਰਕਾਰ ਵਲੋਂ ਵਿਦੇਸ਼ੀ ਚੋਣ ਦਖਲਅੰਦਾਜ਼ੀ ਨਾਲ ਨਜਿੱਠਣ ਨਾਲ ਸਬੰਧਤ ਸਵਾਲਾਂ ਬਾਰੇ ਵਿਵਾਦ ਅਤੇ ਜਨਤਕ ਸੁਰੱਖਿਆ ਮੰਤਰੀ ਮਾਰਕੋ ਮੇਂਡੀਸਿਨੋ ਦੀ ਕਾਰਗੁਜ਼ਾਰੀ ਦੀ ਆਲੋਚਨਾ ਪਿਛੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਆਉਣ ਵਾਲੇ ਹਫ਼ਤਿਆਂ ਵਿਚ ਉਨ੍ਹਾਂ ਦੀ ਕੈਬਨਿਟ ਵਿਚ ਫੇਰਬਦਲ ਕਰਨ ਦੀ ਵੱਡੇ ਪੱਧਰ 'ਤੇ ਆਸ ਕੀਤੀ ਜਾ ਰਹੀ।

# ਕੌਂਸਲਰ ਐਨਿਸ ਦਾ 2022 ਵਿਚ ਕੌਂਸਲਰਾਂ ਦੀ ਤਨਖਾਹ ਸੂਚੀ ਵਿਚ ਫਿਰ ਪਹਿਲਾ ਸਥਾਨ

ਸਰੀ-ਕੌਂਸਲ ਦੀ ਸੋਮਵਾਰ ਰਾਤ ਦੀ ਮੀਟਿੰਗ ਵਿਚ ਸਰੀ ਦੇ ਵਿੱਤ ਬਾਰੇ ਜਨਰਲ ਮੈਨੇਜਰ ਕੈਮ ਗਰੇਵਾਲ ਵਲੋਂ ਪੇਸ਼ ਕੀਤੀ ਕਾਰਪੋਰਟ ਰਿਪੋਰਟ ਮੁਤਾਬਿਕ 2022 ਵਿਚ ਸਰੀ ਸ਼ਹਿਰ ਦੇ ਕੌਂਸਲ ਮੈਂਬਰਾਂ ਨੂੰ ਮਿਹਨਤਾਨੇ ਤੇ ਖਰਚਿਆਂ ਲਈ ਕੁਲ 506247 ਡਾਲਰ ਦਾ ਭੁਗਤਾਨ ਕੀਤਾ ਗਿਆ। ਮੇਅਰ ਬਰੈਂਡਾ ਲੌਕ ਨੂੰ ਸਭ ਤੋਂ ਵੱਧ 118493 ਡਾਲਰ ਮਿਲੇ ਜਿਸ ਵਿਚ ਉਸ ਦੀ ਜਨਵਰੀ ਤੋਂ ਅਕਤੂਬਰ ਤਕ ਸਿਟੀ ਕੌਂਸਲਰ ਵਜੋਂ ਉਸ ਦੇ ਖਰਚੇ ਸ਼ਾਮਿਲ ਹਨ। ਇਸ ਪਿੱਛੋਂ ਕੌਂਸਲਰਾਂ ਲਿੰਡਾ ਐਨਿਸ (113642 ਡਾਲਰ) ਮਨਦੀਪ ਨਾਗਰਾ (107526) ਡੱਗ ਐਲਫਰਡ (100348) ਦਾ ਨਾਂਅ ਆਉਂਦਾ ਹੈ। ਬਾਕੀ ਕੌਂਸਲਰਾਂ ਨੂੰ ਕੀਤੇ ਭੁਗਤਾਨ ਛੋਟੇ ਸਨ ਕਿਉਂਕਿ ਉਹ ਕੌਂਸਲ ਵਿਚ ਨਵੇਂ ਹਨ ਅਤੇ ਉਹ 15 ਅਕਤੂਬਰ 2022 ਨੂੰ ਚੁਣੇ ਗਏ ਸਨ। ਇਨ੍ਹਾਂ ਵਿਚ ਹੈਰੀ ਬੈਂਸ ਨੂੰ 15364 ਡਾਲਰ, ਮਾਈਕ ਬੋਸ 13168, ਪਰਦੀਪ ਕੂਨਰ 12695, ਗੋਰਡਨ ਹੇਪਨਰ 12695 ਅਤੇ ਰੋਬ ਸਟੱਟ ਨੂੰ 12565 ਡਾਲਰ ਮਿਲੇ।

## ਪੁਲਿਸ ਨੇ ਆਈ ਡੀ ਧੋਖਾਧੜੀ ਦੀ ਸ਼ੱਕੀ ਸਾਊਥ ਏਸ਼ੀਅਨ ਔਰਤ ਦੀ ਪਛਾਣ ਲਈ ਮਦਦ ਮੰਗੀ

ਨਿਊਟਨ-ਸਰੀ ਪੁਲਿਸ ਇਹ ਆਸ ਕਰ ਰਹੀ ਹੈ ਕਿ ਕੋਈ ਵਿਅਕਤੀ ਧੋਖਾਧੜੀ ਦੇ ਸ਼ੱਕੀ ਦੀ ਪਛਾਣ ਲਈ ਉਨ੍ਹਾਂ ਦੀ ਮਦਦ ਕਰ ਸਕਦਾ ਹੈ ਜਿਸ ਨੇ 18 ਮਾਰਚ ਨੂੰ ਕਥਿਤ ਰੂਪ ਵਿਚ ਨਿਊਟਨ ਵਿਚ 128 ਸਟਰੀਟ ਦੇ 8000 ਬਲਾਕ ਵਿਚ ਕਰੰਸੀ ਐਕਸਚੇਂਜ਼ ਬਿਜਨਸ ਨਾਲ 237000 ਡਾਲਰ ਦੀ ਧੋਖਾਧੜੀ ਕੀਤੀ ਹੈ। ਕਾਰਪੋਰਲ ਵਨੇਸਾ ਮੁਨ ਨੇ ਕਿਹਾ ਕਿ ਦੋ ਵੱਖ ਵੱਖ ਬੈਂਕਾਂ ਦੇ ਡਰਾਫਟ ਤੁੜਾਏ ਗਏ ਅਤੇ ਬਾਅਦ ਵਿਚ ਧੋਖਾਧੜੀ ਦਾ ਪਤਾ ਲੱਗਾ। ਜਾਂਚ ਵਿਚ ਪਤਾ ਲੱਗਾ ਕਿ ਜਿਸ ਸ਼ੱਕੀ ਸਾਊਥ ਏਸ਼ੀਅਨ ਔਰਤ ਨੇ ਧੋਖਾਧੜੀ ਵਾਲੇ ਬੈਂਕ ਡਰਾਫਟ ਤੁੜਾਏ ਉਹ ਕਿਸੇ ਹੋਰ ਵਿਅਕਤੀ ਦੀ ਪਛਾਣ ਦੀ ਵਰਤੋਂ ਕਰ ਰਹੀ ਸੀ।

## ਮੁਤਵਾਜ਼ੀ ਜਥੇਦਾਰ ਵੱਲੋਂ ਮੁੱਖ ਮੰਤਰੀ ਮਾਨ ਅਕਾਲ ਤਖ਼ਤ 'ਤੇ ਤਲਬ



ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਤੋਂ ਹੁੰਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਗੁਰਦੁਆਰਾ ਸੋਧ ਬਿੱਲ ਪਾਸ ਕੀਤੇ ਜਾਣ ਨੂੰ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਕਰਾਰ ਦਿੰਦਿਆਂ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਇਸ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ 28 ਜੂਨ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਦਿਆਂ ਸਪੱਸ਼ਟੀਕਰਨ ਮੰਗਿਆ ਹੈ। ਅੱਜ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਸਾਹਮਣੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਮੰਡ ਨੇ ਆਖਿਆ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਹੈ। ਉਨ੍ਹਾਂ ਇਸ ਮਾਮਲੇ ਵਿੱਚ ਮੁੱਖ ਮੰਤਰੀ ਨੂੰ ਆਦੇਸ਼ ਦਿੱਤਾ ਹੈ ਕਿ ਉਹ 28 ਜੂਨ ਨੂੰ ਸਵੇਰੇ 11 ਵਜੇ ਅਕਾਲ ਤਖ਼ਤ 'ਤੇ ਨਿੱਜੀ ਤੌਰ 'ਤੇ ਪੇਸ਼ ਹੋ ਕੇ ਇਸ ਮਾਮਲੇ ਵਿੱਚ ਸਪੱਸ਼ਟੀਕਰਨ ਦੇਣ। ਇਸ ਮਾਮਲੇ ਵਿੱਚ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਕੌਮ ਦੇ ਸਾਹਮਣੇ ਸਪੱਸ਼ਟੀਕਰਨ ਦੇਣ ਕਿ ਸ਼੍ਰੋਮਣੀ ਕਮੇਟੀ ਹੁਣ ਤਕ ਆਪਣਾ ਚੈਨਲ ਸਥਾਪਤ ਕਿਉਂ ਨਹੀਂ ਕਰ ਸਕੀ ਅਤੇ ਕਿੰਨੇ ਸਮੇਂ ਵਿੱਚ ਆਪਣਾ ਚੈਨਲ ਸਥਾਪਤ ਕਰੇਗੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839






# ਪ੍ਰਸਿੱਧ ਕਵੀਸ਼ਰ ਚਮਕੌਰ ਸਿੰਘ ਸੇਖੋਂ ਦੀ ਨਵ ਪ੍ਰਕਾਸ਼ਿਤ ਪੁਸਤਕ 'ਸੂਰਮੇ ਕਿ ਡਾਕੂ' ਦਾ ਰਿਲੀਜ਼ ਸਮਾਗਮ

ਸਰੀ-ਕਲਮੀ ਪਰਵਾਜ਼ ਮੰਚ ਵੱਲੋਂ ਪ੍ਰਸਿੱਧ ਕਵੀਸ਼ਰ ਅਤੇ ਬਹੁਪੱਖੀ ਕਲਾਕਾਰ ਚਮਕੌਰ ਸਿੰਘ ਸੇਖੋਂ ਦੀ ਨਵ ਪ੍ਰਕਾਸ਼ਿਤ ਪੁਸਤਕ 'ਸੂਰਮੇ ਕਿ ਡਾਕੂ' ਰਿਲੀਜ਼ ਕਰਨ ਲਈ ਸੀਨੀਅਰ ਸੈਂਟਰ ਸਰੀ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਮੰਚ ਦੀ ਕਨਵੀਨਰ ਮਨਜੀਤ ਕੌਰ ਕੰਗ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਇਸ ਪੁਸਤਕ ਉੱਪਰ ਆਪਣੇ ਵਿਚਾਰ ਪੇਸ਼ ਕਰਦਿਆਂ ਪ੍ਰਿੰ. ਮਲੂਕ ਚੰਦ ਕਲੇਰ ਨੇ ਕਿਹਾ ਕਿ ਚਮਕੌਰ ਸਿੰਘ ਸੇਖੋਂ ਦੀ ਇਹ ਪੰਜਵ. ਪੁਸਤਕ ਹੈ। ਇਸ ਵਿਚ ਉਨ੍ਹਾਂ ਵਿਸ਼ੇਸ਼ ਤੌਰ ਤੇ 1942 ਤੋਂ 1945 ਦੇ ਸਮੇਂ ਦੌਰਾਨ ਪੰਜਾਬ ਵਿਚ ਉੱਠੇ ਉਨ੍ਹਾਂ ਸੂਰਮਿਆਂ ਨੂੰ ਆਪਣੀ ਸ਼ਾਇਰੀ ਰਾਹੀਂ ਪੇਸ਼ ਕੀਤਾ ਹੈ ਜੋ ਹਕੂਮਤ ਵੱਲੋਂ ਤਾਂ ਡਾਕੂ ਠਹਿਰਾਏ ਗਏ ਸਨ ਪਰ ਉਨ੍ਹਾਂ ਦੇ ਮਨਾਂ ਵਿਚ ਸਮਾਜ ਲਈ ਕੁਝ ਕਰ ਗੁਜ਼ਰਨ ਦੀ ਭਾਵਨਾ ਸੀ। ਪੁਸਤਕ ਉਪਰ ਰਾਜਬੀਰ ਜੰਡਾ, ਡਾ. ਪ੍ਰਿਥੀਪਾਲ ਸੋਹੀ, ਮੋਹਨ ਗਿੱਲ, ਪ੍ਰਿੰ. ਕਸ਼ਮੀਰਾ ਸਿੰਘ, ਸੁਖਵਿੰਦਰ ਕੌਰ ਸਿੱਧੂ, ਚਮਕੌਰ ਸਿੰਘ ਸੇਖੋਂ ਦੀ ਬੇਟੀ ਸਵਰਨਜੀਤ ਕੌਰ ਗਰੇਵਾਲ, ਦਰਸ਼ਨ ਸੰਘਾ, ਨਵਦੀਪ ਗਿੱਲ, ਜਗਵਿੰਦਰ ਸਰਾਂ, ਇੰਦਰਜੀਤ ਧਾਲੀਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਚਮਕੌਰ ਸਿੰਘ ਸੇਖੋਂ ਦੀ ਸ਼ਖ਼ਸੀਅਤ ਅਤੇ ਰਚਨਾਤਮਿਕ ਕਾਰਜਾਂ ਬਾਰੇ ਗੱਲਬਾਤ ਕੀਤੀ। ਬੁਲਾਰਿਆਂ ਨੇ ਕਿਹਾ ਕਿ ਚਮਕੌਰ ਸਿੰਘ ਸੇਖੋਂ ਸਾਫ਼ਗੋ ਤਬੀਅਤ ਦਾ ਮਾਲਕ ਹੈ ਅਤੇ ਉਸ ਦੀ ਲੇਖਣੀ ਤੋਂ ਵੀ ਉਸ ਦੀ ਸ਼ਖ਼ਸੀਅਤ ਸਾਫ ਝਲਕਦੀ ਹੈ। ਪੁਸਤਕ 'ਸੂਰਮੇ ਕਿ ਡਾਕੂ' ਲੋਕ ਅਰਪਣ ਕਰਨ ਦੀ ਰਸਮ ਮੰਚ ਦੇ ਆਗੂਆਂ ਅਤੇ ਸ. ਸੇਖੋਂ ਦੇ ਪਰਿਵਾਰਕ ਮੈਂਬਰਾਂ ਨੇ ਅਦਾ ਕੀਤੀ। ਚਮਕੌਰ ਸਿੰਘ ਸੇਖੋਂ ਨੇ ਆਪਣੇ ਸਾਥੀ ਨਵਦੀਪ ਗਿੱਲ ਅਤੇ ਸੁਖਵਿੰਦਰ (ਬਿੱਲਾ ਤੱਖੜ) ਨਾਲ ਕਵੀਸ਼ਰੀ 'ਅਣਖੀ ਪੁੱਤ ਮਾਵਾਂ ਦੇ ਤੁਰ ਪਏ ਸਿਰ ਤਲੀਆਂ 'ਤੇ ਧਰ ਕੇ' ਪੇਸ਼ ਕਰ ਕੇ ਸਰੋਤਿਆਂ ਨੂੰ ਅਨੰਦਿਤ ਕੀਤਾ। ਇਸ ਪੁਸਤਕ ਲਈ ਚਮਕੌਰ ਸਿੰਘ ਸੇਖੋਂ ਨੂੰ ਮੁਬਾਰਕਬਾਦ ਦੇਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖੋਂ, ਗ਼ਜ਼ਲ ਮੰਚ ਦੇ ਸ਼ਾਇਰ ਪ੍ਰੀਤ ਮਨਪ੍ਰੀਤ ਤੇ ਹਰਦਮ ਮਾਨ, ਅੰਮ੍ਰਿਤ ਦੀਵਾਨਾ, ਇੰਦਰਜੀਤ ਧਾਮੀ, ਸੁਖਮੰਦਰ ਬਰਾੜ ਭਗਤਾ ਅਤੇ ਇੰਦਰਜੀਤ ਰੋਡੇ ਸ਼ਾਮਲ ਸਨ। ਅੰਤ ਵਿਚ ਚਮਕੌਰ ਸਿੰਘ ਸੇਖੋਂ ਨੇ ਸਮਾਗਮ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਪੁਸਤਕ ਦੇ ਕੁਝ ਕੁ ਪਾਤਰਾਂ ਬਾਰੇ ਸਵ. ਸੰਤ ਬਾਬਾ ਉਜਾਗਰ ਸਿੰਘ ਹੀਰੋ ਕਲਾਂ ਵਾਲਿਆਂ ਨੇ 1968 ਵਿਚ ਜਾਣਕਾਰੀ ਦਿੱਤੀ ਸੀ ਅਤੇ ਸੰਤ ਬਲਵੀਰ ਸਿੰਘ ਘੁੰਨਸ ਦੀ ਵਿਸ਼ੇਸ਼ ਪ੍ਰੇਰਨਾ ਸਦਕਾ ਇਹ ਪੁਸਤਕ ਹੋਂਦ ਵਿਚ ਆਈ ਹੈ। ਸਮੁੱਚੇ ਸਮਾਗਮ ਦਾ ਸੰਚਾਲਨ ਸੁਖਵਿੰਦਰ ਕੌਰ ਸਿੱਧੂ ਨੇ ਬਾਖ਼ੂਬੀ ਕੀਤਾ।

## ਪੈਰਿਸ 'ਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਰੀਫ਼ ਨੇ ਮਹਿਲਾ ਤੋਂ ਛਤਰੀ ਖੋਹੀ-ਮੀਂਹ 'ਚ ਭਿੱਜਦੀ ਰਹੀ ਅਧਿਕਾਰੀ





ਨਵੀਂ ਦਿੱਲੀ-ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿਚ ਦਿਖਾਇਆ ਗਿਆ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ, ਜੋ ਪੈਰਿਸ ਵਿਚ ਗਲੋਬਲ ਫਾਇਨਾਂਸਿੰਗ ਸੰਮੇਲਨ ਵਿਚ ਸ਼ਾਮਲ ਹੋਣ ਲਈ ਗਏ ਹਨ, ਨੇ ਮਹਿਲਾ ਅਧਿਕਾਰੀ ਤੋਂ ਛੱਤਰੀ ਖੋਹ ਕੇ ਔਰਤ ਨੂੰ ਮੀਂਹ ਵਿੱਚ ਭਿੱਜਣ ਲਈ ਛੱਡ ਦਿੱਤਾ। 45 ਸੈਕਿੰਡ ਦੀ ਵੀਡੀਓ 'ਚ ਸਲੇਟੀ ਸੂਟ ਪਹਿਨੇ ਸ਼ਰੀਫ ਕਾਰ ਵਿਚੋਂ ਉਤਰ ਕੇ ਜਦੋਂ ਬਾਹਰ ਆਉਂਦੇ ਹਨ ਤਾਂ ਉਨ੍ਹਾਂ ਲਈ ਮੀਂਹ ਵਿੱਚ ਛੱਤਰੀ ਫੜੀ ਮਹਿਲਾ ਅਧਿਕਾਰੀ ਖੜ੍ਹੀ ਹੈ ਤੇ ਉਹ ਛਤਰੀ ਫੜ ਕੇ ਉਨ੍ਹਾਂ ਨੂੰ ਮੀਂਹ ਤੋਂ ਬਚਾਉਂਦੀ ਅੱਗੇ ਵਧਦੀ ਹੈ ਪਰ ਸ਼ਰੀਫ ਤੁਰੰਤ ਛਤਰੀ ਉਸ ਤੋਂ ਖੋਹ ਲੈਂਦੇ ਹਨ ਤੇ ਇਕੱਲੇ ਛੱਤਰੀ ਲੈ ਕੇ ਅੱਗੇ ਨਿਕਲ ਜਾਂਦੇ ਹਨ, ਜਦ ਕਿ ਮਹਿਲਾ ਅਧਿਕਾਰੀ ਮੀਂਹ ਵਿੱਚ ਭਿੱਜਦੀ ਹੋਈ ਉਨ੍ਹਾਂ ਦੇ ਪਿੱਛੇ ਤੁਰ ਰਹੀ ਹੈ।

## ਕਰੀਬ 102 ਵਿਅਕਤੀਆਂ ਤੇ 20 ਵਾਹਨਾਂ ਰਾਹੀਂ ਬਚਾਅ ਅਤੇ ਰਾਹਤ ਕਾਰਜ ਚਲਾਏ ਗਏ

ਪੈਰਿਸ-ਇਥੋਂ ਦੇ ਲੈਫਟ ਬੈਂਕ 'ਚ ਇਕ ਇਮਾਰਤ ਤਾਕਤਵਰ ਧਮਾਕੇ ਮਗਰੋਂ ਢਹਿ-ਢੇਰੀ ਹੋ ਗਈ ਜਿਸ ਕਾਰਨ 30 ਤੋਂ ਜ਼ਿਆਦਾ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ 'ਚੋਂ ਚਾਰ ਦੀ ਹਾਲਤ ਨਾਜ਼ੁਕ ਹੈ। ਧਮਾਕੇ ਮਗਰੋਂ ਇਕ ਵਿਅਕਤੀ ਲਾਪਤਾ ਹੋ ਗਿਆ ਜਿਸ ਦੀ ਫਰਾਂਸੀਸੀ ਬਚਾਅ ਵਰਕਰਾਂ ਵੱਲੋਂ ਭਾਲ ਕੀਤੀ ਜਾ ਰਹੀ ਹੈ। ਜਾਂਚਕਾਰ ਧਮਾਕੇ ਦੇ ਕਾਰਨਾਂ ਦਾ ਪਤਾ ਲਗਾ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਗੈਸ ਲੀਕ ਹੋਣ ਕਾਰਨ ਇਹ ਹਾਦਸਾ ਵਾਪਰਿਆ ਹੈ। ਧਮਾਕਾ ਪੈਰਿਸ ਦੇ ਇਤਿਹਾਸਕ ਵਾਲ ਡੀ ਗਰੇਸ ਮਿਲਟਰੀ ਹਸਪਤਾਲ ਨੇੜੇ ਹੋਇਆ ਜਿਸ ਨਾਲ ਇਕ ਇਮਾਰਤ ਦਾ ਹਿੱਸਾ ਨੁਕਸਾਨਿਆ ਗਿਆ ਜਿਥੇ ਡਿਜ਼ਾਈਨ ਅਤੇ ਆਰਟਸ ਦੀ ਪ੍ਰਾਈਵੇਟ ਅਕੈਡਮੀ ਸੀ। ਸਿਹਤ ਮੰਤਰੀ ਫਰੈਂਕੋਆਇਸ ਬਰੌਨ ਨੇ ਕਿਹਾ ਕਿ ਚਾਰ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਹਨ।

## ਚੀਨ ਦੇ ਰੈਸਟੋਰੈਂਟ 'ਚ ਧਮਾਕੇ ਕਾਰਨ 31 ਵਿਅਕਤੀ ਹਲਾਕ



ਪੇਈਚਿੰਗ/ਯਿਨਚੁਆਨ=ਡਰੈਗਨ ਕਿਸ਼ਤੀ ਮੇਲੇ ਤੋਂ ਪੂਰਬਲੀ ਸ਼ਾਮ ਉੱਤਰ-ਪੱਛਮੀ ਚੀਨ ਦੇ ਇਕ ਬਾਰਬੀਕਿਊ ਰੈਸਟੋਰੈਂਟ 'ਚ ਕੁਕਿੰਗ ਗੈਸ ਧਮਾਕੇ 'ਚ 31 ਵਿਅਕਤੀ ਮਾਰੇ ਗਏ ਅਤੇ ਸੱਤ ਹੋਰ ਜ਼ਖ਼ਮੀ ਹੋ ਗਏ। ਧਮਾਕਾ ਯਿਨਚੁਆਨ ਜ਼ਿਲ੍ਹੇ ਦੇ ਕਸਬੇ ਸ਼ਿੰਗਕਿੰਗ ਦੀ ਰੁਝੇਵੇਂ ਵਾਲੀ ਗਲੀ 'ਚ ਰਾਤ ਕਰੀਬ 8.40 ਵਜੇ ਹੋਇਆ। ਸਰਕਾਰੀ ਖ਼ਬਰ ਏਜੰਸੀ ਸਿਨਹੁਆ ਮੁਤਾਬਕ ਐੱਲਪੀਜੀ ਲੀਕ ਹੋਣ ਕਾਰਨ ਇਹ ਧਮਾਕਾ ਵਾਪਰਿਆ। ਪੁਲੀਸ ਨੇ ਰੈਸਟੋਰੈਂਟ ਦੇ ਮਾਲਕ ਸਮੇਤ 9 ਵਿਅਕਤੀਆਂ ਨੂੰ ਹਿਰਾਸਤ 'ਚ ਲੈ ਲਿਆ ਹੈ। ਡਰੈਗਨ ਕਿਸ਼ਤੀ ਮੇਲੇ ਦੀ ਦੋ ਦਿਨਾਂ ਛੁੱਟੀ ਹੋਣ ਕਾਰਨ ਰੈਸਟੋਰੈਂਟ ਲੋਕਾਂ ਨਾਲ ਭਰਿਆ ਹੋਇਆ ਸੀ। ਧਮਾਕੇ ਕਾਰਨ ਆਲੇ-ਦੁਆਲੇ ਦੀਆਂ ਇਮਾਰਤਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਜ਼ਖ਼ਮੀਆਂ ਦੇ ਇਲਾਜ ਅਤੇ ਬਚਾਅ ਕਾਰਜ ਚਲਾਉਣ ਦੇ ਨਿਰਦੇਸ਼ ਦਿੱਤੇ। ਇਲਾਕੇ 'ਚੋਂ 64 ਪਰਿਵਾਰਾਂ ਨੂੰ ਇਹਤਿਆਤ ਵਜੋਂ ਹੋਟਲਾਂ 'ਚ ਪਹੁੰਚਾਇਆ ਗਿਆ। ਮੈਡੀਕਲ ਸਹਾਇਤਾ ਲਈ ਚਾਰ ਮਾਹਿਰ ਵੀ ਮੌਕੇ 'ਤੇ ਮੌਜੂਦ ਸਨ।







# ਸ਼੍ਰੋਮਣੀ ਕਮੇਟੀ ਵਲੋਂ ਰਾਜਪਾਲ ਨੂੰ ਗੁਰਦੁਆਰਾ ਸੋਧ ਬਿੱਲ ਨੂੰ ਮਨਜ਼ੂਰੀ ਨਾ ਦੇਣ ਦੀ ਅਪੀਲ

## ਸ਼੍ਰੋਮਣੀ ਕਮੇਟੀ ਦੇ ਵਫਦ ਦੀ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ

ਚੰਡੀਗੜ੍ਹ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਉੱਚ ਪੱਧਰੀ ਵਫ਼ਦ ਨੇ ਅੱਜ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਲਿਆਂਦੇ ਗਏ ਸਿੱਖ ਗੁਰਦੁਆਰਾ ਸੋਧ ਬਿਲ 2023 ਨੂੰ ਮਨਜ਼ੂਰੀ ਨਾ ਦੇਣ ਦੀ ਮੰਗ ਕੀਤੀ ਹੈ। ਪੰਜਾਬ ਦੇ ਰਾਜਪਾਲ ਨੂੰ ਮਿਲੇ ਇਸ ਵਫ਼ਦ ਵਿੱਚ ਐਡਵੋਕੇਟ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਸ. ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੀਤ ਸਕੱਤਰ ਸ. ਸ਼ਾਹਬਾਜ਼ ਸਿੰਘ ਅਤੇ ਸ. ਲਖਵੀਰ ਸਿੰਘ ਸ਼ਾਮਲ ਸਨ। ਇਸ ਮੌਕੇ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਸ਼੍ਰੋਮਣੀ ਕਮੇਟੀ ਵਫ਼ਦ ਵੱਲੋਂ ਸੌਂਪੇ ਗਏ ਮੰਗ ਪੱਤਰ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ 1925 ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿੱਚ ਕੀਤੀ ਗਈ ਦਖ਼ਲਅੰਦਾਜ਼ੀ ਗੈਰ-ਸੰਵਿਧਾਨਕ ਹੈ, ਜਿਸ ਨੂੰ ਮਨਜ਼ੂਰੀ ਨਾ ਦਿੱਤੀ ਜਾਵੇ। ਰਾਜਪਾਲ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸਿੱਖ ਮਾਮਲਿਆਂ ਨੂੰ ਉਲਝਾ ਰਹੇ ਹਨ। ਸਰਕਾਰ ਵੱਲੋਂ ਵਿਧਾਨ ਸਭਾ ਅੰਦਰ ਗੁਰਬਾਣੀ ਪ੍ਰਸਾਰਣ ਨੂੰ ਮੁੱਦਾ ਬਣਾ ਕੇ ਸਿੱਖ ਗੁਰਦੁਆਰਾ ਐਕਟ 1925 ਵਿੱਚ ਦਖ਼ਲਅੰਦਾਜ਼ੀ ਕੀਤੀ ਗਈ ਹੈ। ਇਹ ਕਦਮ ਸਿੱਧੇ ਤੌਰ 'ਤੇ ਸੰਵਿਧਾਨ ਦੀ ਉਲੰਘਣਾ ਹੈ ਕਿਉਂਕਿ ਸਿੱਖ ਗੁਰਦੁਆਰਾ ਐਕਟ ਵਿੱਚ ਕੋਈ ਵੀ ਸੋਧ ਸ਼੍ਰੋਮਣੀ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਕੇਂਦਰ ਸਰਕਾਰ ਵੱਲੋਂ ਹੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿੱਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ। ਐਡਵੋਕੇਟ ਧਾਮੀ ਦੇ ਆਖਿਆ ਕਿ ਗੁਰਬਾਣੀ ਪ੍ਰਸਾਰਣ ਦਾ ਮਾਮਲਾ ਤਾਂ ਨਿਰੋਲ ਪ੍ਰਬੰਧਕੀ ਹੈ, ਜਿਸ ਨੂੰ ਆਮ ਆਦਮੀ ਪਾਰਟੀ ਆਪਣੇ ਸਿਆਸੀ ਹਿੱਤਾਂ ਲਈ ਵਰਤ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਦਾ ਮੰਤਵ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨਾ ਹੈ ਪਰ ਸਿੱਖ ਕੌਮ ਅਜਿਹਾ ਨਹੀਂ ਹੋਣ ਦੇਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗਵਰਨਰ ਪੰਜਾਬ ਨੂੰ ਪੰਜਾਬ ਸਰਕਾਰ ਦੀ ਗੈਰ ਸੰਵਿਧਾਨਕ ਹਰਕਤ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਹੈ ਅਤੇ ਉਨ੍ਹਾਂ ਨੇ ਵਿਸ਼ਵਾਸ਼ ਦੁਆਇਆ ਹੈ ਕਿ ਉਹ ਸੰਵਿਧਾਨ ਅਨੁਸਾਰ ਇਸ ਬਿੱਲ ਦੀ ਘੋਖ ਕਰਨਗੇ ਅਤੇ ਅਨਿਆਂ ਨਹੀਂ ਹੋਣ ਦੇਣਗੇ।



# ਨਵ ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ

ਸਫ਼ਾ 3 ਦੀ ਬਾਕੀ


ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਨੇ ਦਸਤਾਰ ਭੇਟ ਕਰਕੇ ਬਤੌਰ ਜਥੇਦਾਰ ਮਾਨਤਾ ਦਿੱਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਸੇਵਾਵਾਂ ਮਿਲਣ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਸਿੱਖ ਕੌਮ ਲਈ ਚੁਣੌਤੀਆਂ ਭਰਿਆ ਸਮਾਂ ਹੈ ਅਤੇ ਉਹ ਆਸ ਕਰਦੇ ਹਨ ਕਿ ਨਵ-ਨਿਯੁਕਤ ਜਥੇਦਾਰ ਸਮੁੱਚੀਆਂ ਜਥੇਬੰਦੀਆਂ ਦੇ ਸਹਿਯੋਗ ਨਾਲ ਕੌਮ ਦੀ ਯੋਗ ਅਗਵਾਈ ਕਰਨਗੇ। ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਭਾਈਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਪੰਜਾਬ ਵਿਧਾਨ ਸਭਾ 'ਚ ਲਿਆਂਦਾ ਗਿਆ ਸਿੱਖ ਗੁਰਦੁਆਰਾ ਸੋਧ ਬਿੱਲ ਬੇਹੱਦ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਬਾਰੇ ਆਦੇਸ਼ ਕੀਤਾ ਹੋਇਆ ਸੀ ਅਤੇ ਸਰਕਾਰ ਨੂੰ ਇਸ ਮਾਮਲੇ ਵਿੱਚ ਉਡੀਕ ਕਰਨੀ ਚਾਹੀਦੀ ਸੀ। ਇਸ ਸਬੰਧੀ ਸ੍ਰੀ ਅਕਾਲ ਤਖਤ ਵੱਲੋਂ ਮੁੱਖ ਮੰਤਰੀ ਨੂੰ ਸਿੱਖ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਨਾ ਕਰਨ ਦੇ ਦਿੱਤੇ ਨਿਰਦੇਸ਼ ਨੂੰ ਅਣਦੇਖਿਆ ਕੀਤੇ ਜਾਣ ਸਬੰਧੀ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰਨਗੇ। ਉਨ੍ਹਾਂ ਸੰਗਤ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਤੋਂ ਸੁਚੇਤ ਹੋਣ ਦੀ ਅਪੀਲ ਕੀਤੀ। ਵਿਧਾਨ ਸਭਾ ਵਿੱਚ ਦਾਹੜੀ ਨੂੰ ਲੈ ਕੇ ਕੀਤੀਆਂ ਗਈਆਂ ਟਿੱਪਣੀਆਂ ਨੂੰ ਵੀ ਉਨ੍ਹਾਂ ਨੇ ਨਿੰਦਣਯੋਗ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਧੜਿਆਂ ਵਿੱਚ ਵੰਡੇ ਪੰਥ ਨੂੰ ਇਕਜੁੱਟ ਕਰਨ ਲਈ ਯਤਨ ਕਰਨਗੇ। ਉਨ੍ਹਾਂ ਬੰਦੀ ਸਿੰਘਾ ਦੀ ਰਿਹਾਈ ਦੀ ਮੰਗ ਵੀ ਦੁਹਰਾਈ। ਇਸੇ ਦੌਰਾਨ ਸੇਵਾ ਸੰਭਾਲਣ ਮਗਰੋਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਨਿਹੰਗ ਜਥੇਬੰਦੀ ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਬਾਬਾ ਅਵਤਾਰ ਸਿੰਘ ਸੁਰਸਿੰਘ, ਬੁੱਢਾ ਦਲ ਵੱਲੋਂ ਦਿਲਜੀਤ ਸਿੰਘ ਬੇਦੀ ਤੇ ਬਾਬਾ ਜੱਸਾ ਸਿੰਘ, ਦਿੱਲੀ ਕਮੇਟੀ ਵੱਲੋਂ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਵੱਲੋਂ ਦਲਜੀਤ ਸਿੰਘ ਚੀਮਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਪਰਮਜੀਤ ਸਿੰਘ ਸਰਨਾ , ਚੀਫ ਖਾਲਸਾ ਦੀਵਾਨ ਵਲੋਂ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਸਮੇਤ ਸਾਬਕਾ ਜਥੇਦਾਰ, ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਟਕਸਾਲਾਂ, ਸੰਪ੍ਰਦਾਵਾਂ, ਕਾਰਸੇਵਾ ਵਾਲੇ ਮਹਾਂਪੁਰਸ਼ਾਂ, ਸਭਾ-ਸੁਸਾਇਟੀਆਂ, ਪੰਥਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਆਦਿ ਨੇ ਉਨ੍ਹਾਂ ਨੂੰ ਦਸਤਾਰਾਂ ਤੇ ਸਿਰੋਪਾਓ ਭੇਟ ਕੀਤੇ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।



604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੋਂ ਬੀ.ਸੀ. ਵਿਚ ਸਿੱਖ ਭਾਈਚਾਰੇ 'ਚ ਸਹਿਮ ਦਾ ਮਾਹੌਲ

ਵੈਨਕੂਵਰ ਤੇ ਕੈਲਗਰੀ-ਕੈਨੇਡਾ ਦੇ ਸਭ ਤੋਂ ਭਿਆਨਕ ਅੱਤਵਾਦੀ ਹਮਲੇ ਅਤੇ ਵਿਸ਼ਵ ਦੇ ਸਭ ਤੋਂ ਘਾਤਕ ਹਮਲਿਆਂ ਵਿਚੋਂ ਇਕ ਹਮਲੇ ਵਿਚ ਏਅਰ ਇੰਡੀਆ ਦੀ ਫਲਾਈਟ 182 ਨੂੰ ਬੰਬ ਨਾਲ ਉਡਾਉਣ ਦੀ ਸ਼ੁੱਕਰਵਾਰ 38ਵੀਂ ਵਰ੍ਹੇਗੰਢ ਸੀ। ਇਸ ਅੱਤਵਾਦੀ ਘਟਨਾ ਵਿਚ ਜਹਾਜ਼ 'ਤੇ ਸਵਾਰ 329 ਵਿਅਕਤੀ ਮਾਰੇ ਗਏ ਸਨ ਅਤੇ ਮਾਮਲਾ ਅਜੇ ਤਕ ਅਣਸੁਲਝਿਆ ਹੈ। ਅਗਲੇ ਮਹੀਨੇ 14 ਜੁਲਾਈ ਨੂੰ ਸਮੂਹਿਕ ਕਤਲ ਦੀ ਭਿਆਨਕ ਕਾਰਵਾਈ ਦੇ ਦੋਸ਼ੀ ਵਿਅਕਤੀਆਂ ਵਿਚੋਂ ਇਕ ਜਿਹੜਾ ਪਿੱਛੋਂ ਬਰੀ ਹੋ ਗਿਆ ਸੀ ਦੇ ਕਤਲ ਨੂੰ ਇਕ ਸਾਲ ਹੋ ਰਿਹਾ ਹੈ। ਰਿਪੁਦਮਨ ਸਿੰਘ ਮਲਿਕ ਨੂੰ ਸਰੀ ਵਿਚ ਉਸ ਦੇ ਬਿਜਨਸ ਦੇ ਸਾਹਮਣੇ ਸਵੇਰੇ 9.30 ਵਜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਦੋ ਵਿਅਕਤੀ ਜਿਹੜੇ ਹੋਰ ਅਪਰਾਧਾਂ ਵਿਚ ਜ਼ਮਾਨਤ 'ਤੇ ਆਏ ਹੋਏ ਸਨ 'ਤੇ ਦੋ ਹਫ਼ਤੇ ਬਾਅਦ ਕਤਲ ਦੇ ਦੋਸ਼ ਲਗਾਏ ਗਏ ਸਨ। ਹੁਣ ਨਿੱਝਰ ਦੇ ਕਤਲ ਪਿੱਛੋਂ ਸਰੀ ਵਿਚ ਸਿੱਖ ਭਾਈਚਾਰਾ ਇਕ ਵਾਰ ਫਿਰ ਦੁੱਖ,ਗੁੱਸੇ ਤੇ ਸਹਿਮ ਦੀ ਲਪੇਟ ਵਿਚ ਹੈ। ਮਾਰੇ ਜਾਣ ਤੋਂ ਕੁਝ ਘੰਟੇ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਸੰਗਤ ਨੂੰ ਸੰਬੋਧਨ ਕਰਦਿਆਂ ਨਿੱਝਰ ਨੇ ਕਿਹਾ ਸੀ ਕਿ ਪੰਜਾਬ ਸੂਬੇ ਵਿਚ ਸਿੱਖਾਂ ਦੇ ਹੱਕਾਂ ਦੀ ਵਕਾਲਤ ਕਰਨਾ ਦੇਸ਼ ਧ੍ਰੋਹੀ ਕੰਮ ਕਿਹਾ ਜਾਂਦਾ ਹੈ। ਨਿੱਝਰ ਨੇ ਕਿਹਾ ਕਿ ਆਉਣ ਵਾਲਾ ਸਮਾਂ ਖਤਰਨਾਕ ਹੈ। ਨਿੱਝਰ ਜਿਸ 'ਤੇ ਭਾਰਤੀ ਏਜੰਸੀ ਐਨਆਈਏ ਨੇ ਅੱਤਵਾਦੀ ਹੋਣ ਦਾ ਦੋਸ਼ ਲਗਾਇਆ ਸੀ ਨੇ ਆਪਣੇ ਨੇੜਲੇ ਦੋਸਤਾਂ ਨੂੰ ਦੱਸਿਆ ਸੀ ਕਿ ਕੈਨੇਡਾ ਦੀ ਜਾਸੂਸੀ ਏਜੰਸੀ ਸੀਸਸ ਨੇ ਉਸ ਨੂੰ ਚਿਤਾਵਨੀ ਦਿੱਤੀ ਹੈ ਕਿ ਉਸ ਨੂੰ ਹਿੰਸਾ ਲਈ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਉਸ ਦੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਐਨਆਈਏ ਨੇ ਨਿੱਝਰ ਦੇ ਸਿਰ 'ਤੇ ਲਗਪਗ 16000 ਕੈਨੇਡੀਅਨ ਡਾਲਰ ਦਾ ਇਨਾਮ ਰੱਖਿਆ ਹੋਇਆ ਸੀ। ਪੱਤਰਕਾਰ ਕੋਲਿਨ ਫਰੀਜ਼ਨੇ ਅਦਾਲਤੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਦੱਸਿਆ ਕਿ ਨਿੱਝਰ ਦਾ ਰਿਪੁਦਮਨ ਸਿੰਘ ਮਲਿਕ ਨਾਲ ਵਿਵਾਦ ਚੱਲ ਰਿਹਾ ਸੀ। ਪੱਤਰਕਾਰ ਨੈਨਸ ਮੈਕਡੋਨਾਲਡ ਨੇ ਸੋਮਵਾਰ ਤੇ ਮੰਗਲਵਾਰ ਦੋ ਦਿਨ ਗੁਰਦੁਆਰਾ ਸਾਹਿਬ ਵਿਚ ਗੁਜ਼ਾਰੇ ਤੇ ਦਰਜਨ ਭਰ ਲੋਕਾਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਨੇ ਨਿੱਝਰ ਦੇ ਕਤਲ ਦਾ ਭਾਰਤ ਸਰਕਾਰ 'ਤੇ ਦੋਸ਼ ਲਗਾਇਆ। ਪ੍ਰਭ ਸਿੰਘ ਨਾਮ ਦੇ ਵਿਅਕਤੀ ਦਾ ਕਹਿਣਾ ਹੈ ਕਿ ਕਮਿਊਨਿਟੀ ਵਿਚ ਡਰ ਨਾਲੋਂ ਜ਼ਿਆਦਾ ਗੁੱਸਾ ਹੈ। ਗੁਰਦੁਆਰੇ ਦੇ ਮੈਦਾਨ ਵਿਚ ਕਤਲ ਸਮੁੱਚੀ ਕਮਿਊਨਿਟੀ ਨੂੰ ਭੈਭੀਤ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ।

# ਨਿੱਝਰ ਨੂੰ ਕਤਲ ਤੋਂ ਪਹਿਲਾਂ ਸੀਸਸ ਨੇ ਹੱਤਿਆ ਦੇ ਖ਼ਤਰੇ ਬਾਰੇ ਦਿੱਤੀ ਸੀ ਚਿਤਾਵਨੀ

ਓਟਵਾ-ਸਿੱਖ ਕਮਿਊਨਿਟੀ ਨੇਤਾ ਹਰਦੀਪ ਸਿੰਘ ਨਿੱਝਰ ਦੇ ਇਕ ਨੇੜਲੇ ਸਾਥੀ ਨੇ ਕਿਹਾ ਕਿ ਉਸ ਦੇ ਦੋਸਤ ਨੂੰ ਕਤਲ ਤੋਂ ਪਹਿਲਾਂ ਕੈਨੇਡੀਅਨ ਖ਼ੁਫ਼ੀਆ ਅਧਿਕਾਰੀਆਂ ਨੇ ਭਾੜੇ ਦੇ ਲੋਕਾਂ ਵਲੋਂ ਕਤਲ ਲਈ ਨਿਸ਼ਾਨਾ ਬਣਾਉਣ ਬਾਰੇ ਚਿਤਾਵਨੀ ਦਿੱਤੀ ਸੀ। ਨਿਊਯਾਰਕ ਵਿਚ ਰਹਿੰਦੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਇਕ ਬਿਆਨ ਵਿਚ ਦੱਸਿਆ ਕਿ ਕਤਲ ਤੋਂ ਇਕ ਦਿਨ ਪਹਿਲਾਂ ਉਸ ਦੀ ਨਿੱਝਰ ਨਾਲ ਟੈਲੀਫੋਨ 'ਤੇ ਗੱਲਬਾਤ ਹੋਈ ਸੀ। ਪੰਨੂ ਨੇ ਕਿਹਾ ਕਿ ਨਿੱਝਰ ਨੇ ਵੱਖਰੇ ਸਿੱਖ ਰਾਜ ਦੀ ਮੰਗ ਲਈ ਗੈਰਅਧਿਕਾਰਤ ਖਾਲਿਸਤਾਨ ਰਾਏਸ਼ੁਮਾਰੀ ਲਈ ਵੋਟ ਦੇਣ ਦੀ ਗੱਲ ਕੀਤੀ ਸੀ ਜਿਸ ਦਾ ਉਹ ਪ੍ਰਬੰਧ ਕਰਦੇ ਰਹੇ ਹਨ ਅਤੇ ਨਿੱਝਰ ਨੂੰ ਖਦਸ਼ਾ ਸੀ ਕਿ ਭਾਰਤ ਸਰਕਾਰ ਵਲੋਂ ਇਨਾਮ ਦੀ ਕੀਤੀ ਜਾ ਰਹੀ ਪੇਸ਼ਕਸ਼ ਉਨ੍ਹਾਂ ਦੀ ਸੁਰੱਖਿਆ ਲਈ ਖ਼ਤਰਾ ਹਨ। ਉਸ ਨੇ ਕਿਹਾ ਕਿ ਨਿੱਝਰ ਨੇ ਉਸ ਨੂੰ ਦੱਸਿਆ ਕਿ ਗੈਂਗਸਟਰਾਂ ਨੇ ਕਿਹਾ ਕਿ ਦੋਵੇਂ ਹੀ ਹਿਟ ਲਿਸਟ 'ਤੇ ਹਨ ਅਤੇ ਨਿੱਝਰ ਨੂੰ ਕੈਨੇਡੀਅਨ ਸੁਰੱਖਿਆ ਇੰਟੈਲੀਜੈਂਸ ਸਰਵਿਸ ਤੋਂ ਕੁਝ ਦਿਨ ਬਾਅਦ ਚਿਤਾਵਨੀ ਮਿਲੀ ਸੀ ਕਿ ਉਸ ਦੀ ਜਾਨ ਖ਼ਤਰੇ ਵਿਚ ਹੈ। ਪੰਨੂ ਜਿਹੜਾ ਐਡਵੋਕੇਸੀ ਗਰੁੱਪ ਸਿੱਖ ਫਾਰ ਜਸਟਿਸ ਦਾ ਜਨਰਲ ਕੌਂਸਲ ਹੈ ਨੇ ਕਿਹਾ ਕਿ ਉਸ ਨੂੰ ਕੋਈ ਸ਼ੱਕ ਨਹੀਂ ਕਿ ਕਤਲ ਦਾ ਹੁਕਮ ਭਾਰਤ ਸਰਕਾਰ ਦੇ ਅਧਿਕਾਰੀਆਂ ਨੇ ਦਿੱਤਾ ਸੀ ਜਿਹੜੇ ਇਹ ਦੋਸ਼ ਲਗਾਉਂਦੇ ਹਨ ਕਿ ਨਿੱਝਰ ਭਾਰਤ ਜਾਂ ਹੋਰ ਥਾਈਂ ਹਿੰਸਕ ਜਾਂ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਿਲ ਸੀ। ਨਿੱਝਰ ਦੇ ਕਤਲ ਬਾਰੇ ਟਿੱਪਣੀ ਲਈ ਭੇਜੀ ਈਮੇਲ ਦਾ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਏਐਨਆਈ) ਨੇ ਕੋਈ ਜਵਾਬ ਨਹੀਂ ਦਿੱਤਾ।

# ਚੀਨ ਤੇ ਵੀਅਤਨਾਮ ਦੇ ਵਿਦਿਆਰਥੀ ਵੀ ਕਾਲਜ ਦਾਖਲਾ ਘੁਟਾਲੇ ਵਿਚ ਫਸੇ

ਓਟਵਾ-ਫੈਡਰਲ ਇਮੀਗ੍ਰੇਸ਼ਨ ਵਿਭਾਗ ਨੇ ਐਮਪੀਜ਼ ਨੂੰ ਦੱਸਿਆ ਕਿ ਕੈਨੇਡੀਅਨ ਕਾਲਜਾਂ ਤੋਂ ਜਾਅਲੀ ਸਵੀਕ੍ਰਿਤੀ ਪੱਤਰ ਪ੍ਰਾਪਤ ਕਰਨ ਬਦਲੇ ਭਾਰਤੀ ਵਿਦਿਆਰਥੀਆਂ ਨੂੰ ਪ੍ਰਭਾਵਤ ਕਰਨ ਵਾਲੇ ਇਮੀਗ੍ਰੇਸ਼ਨ ਘੁਟਾਲੇ ਵਿਚ ਚੀਨ ਤੇ ਵੀਅਤਨਾਮ ਦੇ ਵਿਦਿਆਰਥੀ ਵੀ ਫਸੇ ਹੋਏ ਹਨ। ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜਰ ਨੇ ਨਾਗਰਿਕਤਾ ਤੇ ਇਮੀਗ੍ਰੇਸ਼ਨ ਬਾਰੇ ਕਾਮਨਜ਼ ਕਮੇਟੀ ਨੂੰ ਦੱਸਿਆ ਕਿ ਘੁਟਾਲੇ ਵਿਚ ਫਸੇ 8 ਭਾਰਤੀ ਵਿਦਿਆਰਥੀ ਪਹਿਲਾਂ ਹੀ ਵਾਪਸ ਭੇਜੇ ਜਾ ਚੁੱਕੇ ਹਨ ਪਰ ਜੇਕਰ ਉਹ ਇਹ ਦਿਖਾਉਣ ਕਿ ਉਨ੍ਹਾਂ ਦਾ ਕੈਨੇਡਾ ਨੂੰ ਆਉਣ ਦਾ ਇਰਾਦਾ ਸੱਚਾ ਸੀ ਅਤੇ ਉਹ ਘੁਟਾਲੇ ਵਿਚ ਸ਼ਾਮਿਲ ਨਹੀਂ ਹਨ ਤਾਂ ਉਹ ਵਾਪਸ ਕੈਨੇਡਾ ਆ ਸਕਦੇ ਹਨ। ਇਸ ਹਫ਼ਤੇ ਫਰੇਜਰ ਨੇ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਤੋਂ ਰਾਹਤ ਦੇ ਦਿੱਤੀ ਸੀ ਜਿਹੜੇ ਅਣਜਾਣੇ ਵਿਚ ਘੁਟਾਲੇ ਵਿਚ ਫਸ ਗਏ ਸਨ। ਉਨ੍ਹਾਂ ਨੂੰ ਆਰਜ਼ੀ ਰੈਜ਼ੀਡੈਂਟ ਪਰਮਿਟ ਦਿੱਤੇ ਜਾਣਗੇ ਜਦਕਿ ਫੋਰਸ ਉਨ੍ਹਾਂ ਦੇ ਮਾਮਲਿਆਂ ਦੀ ਇਹ ਦੇਖਣ ਲਈ ਜਾਂਚ ਕਰੇਗੀ ਕਿ ਕੀ ਉਨ੍ਹਾਂ ਨੂੰ ਭੋਲੇਪਣ ਕਾਰਨ ਧੋਖਾ ਦਿੱਤਾ ਗਿਆ ਜਾਂ ਉਹ ਇਮੀਗ੍ਰੇਸ਼ਨ ਘੁਟਾਲੇ ਵਿਚ ਸ਼ਾਮਿਲ ਸਨ। ਓਟਵਾ ਨੇ ਇਸ ਸਾਲ ਦੇ ਸ਼ੁਰੂ ਵਿਚ ਭਾਰਤ, ਚੀਨ ਅਤੇ ਵੀਅਤਨਾਮ ਦੇ ਵਿਦਿਆਰਥੀਆਂ ਦੀ ਸ਼ਮੂਲੀਅਤ ਵਾਲੇ 2000 ਸ਼ੱਕੀ ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਸੀ।

# ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਸੰਬੰਧ ਵਿਚ ਪੁਲਿਸ ਨੂੰ ਦੋ ਨਕਾਬਪੋਸ਼ ਸ਼ੱਕੀ ਵਿਅਕਤੀਆਂ ਦੀ ਭਾਲ

ਸਫ਼ਾ 1 ਦੀ ਬਾਕੀ

ਅਜੇ ਵੀ ਉਹਨਾਂ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਹਨਾਂ ਨਾਲ ਗੱਲ ਕਰਨ ਲਈ ਕੰਮ ਕਰ ਰਹੀ ਹੈ ਜੋ ਐਤਵਾਰ, 18 ਜੂਨ ਦੀ ਸ਼ਾਮ ਨੂੰ ਗੁਰਦੁਆਰੇ ਵਿਚ ਜਾਂ ਉਸ ਖੇਤਰ ਵਿੱਚ ਸਨ ਅਤੇ ਖਾਸ ਕਰ ਕੇ ਜਿਨ੍ਹਾਂ ਦੇ ਵਹੀਕਲਾਂ ਵਿਚ ਆਨ-ਬੋਰਡ ਕੈਮਰੇ ਸਨ। ਪੁਲਿਸ ਦਾ ਕਹਿਣਾ ਹੈ ਕਿ ਟੈਸਲਾ ਵਰਗੀਆਂ ਕਾਰਾਂ ਵਿੱਚ ਸ਼ਾਨਦਾਰ ਕੈਮਰੇ ਹਨ ਜੋ ਆਲੇ ਦੁਆਲੇ ਦੇ ਖੇਤਰ ਵਿੱਚ ਹੋ ਰਹੀ ਜਿਲਜੁਲ ਨੂੰ ਰਿਕਾਰਡ ਕਰਨ ਦੇ ਸਮਰੱਥ ਹਨ, ਭਾਵੇਂ ਕਾਰ ਬੰਦ ਹੋਵੇ ਅਤੇ ਕੋਈ ਕਾਰ ਦੇ ਅੰਦਰ ਵੀ ਨਾ ਹੋਵੇ। ਆਈਹਿਟ ਦੇ ਸਾਰਜੈਂਟ ਟਿਮੋਥੀ ਪਿਰੋਟੀ ਨੇ ਕਿਹਾ ਕਿ ਨਾ ਸਿਰਫ ਇਹਨਾਂ ਵਹੀਕਲਾਂ ਵਿਚ ਸਵਾਰ ਵਿਅਕਤੀ ਸ. ਨਿੱਝਰ ਦੀ ਹੱਤਿਆ ਦੇ ਗਵਾਹ ਹੋ ਸਕਦੇ ਹਨ, ਬਲਕਿ ਕਿਸੇ ਵਹੀਕਲ ਦੇ ਕੈਮਰੇ ਵਿਚ ਨਾਜ਼ੁਕ ਸਬੂਤ ਦਰਜ ਕੀਤੇ ਹੋ ਸਕਦੇ ਹਨ ਜੋ ਪੁਲਿਸ ਦੀ ਜਾਂਚ ਨੂੰ ਅੱਗੇ ਵਧਾਉਣ ਵਿੱਚ ਮਦਦ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਸ ਕਤਲ ਦੇ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀਆਂ ਜੋ ਅਫਵਾਹਾਂ ਫੈਲ ਰਹੀਆਂ ਹਨ, ਉਹ ਸਹੀ ਨਹੀਂ ਹਨ ਅਤੇ ਅਜੇ ਤੱਕ ਇਸ ਸੰਬੰਧੀ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਜਾਂਚ ਟੀਮ ਵੱਲੋਂ ਡੈਸ਼-ਕੈਮਰੇ ਵਾਲੇ, ਵੀਡੀਓ ਵਾਲੇ ਉਨ੍ਹਾਂ ਵਿਅਕਤੀਆਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ, ਜੋ 18 ਜੂਨ ਨੂੰ ਸ਼ਾਮ 6 ਵਜੇ ਤੋਂ 8 ਵਜੇ ਦਰਮਿਆਨ 122 ਸਟਰੀਟ ਦੇ ਖੇਤਰ ਵਿੱਚ, ਗੁਰਦੁਆਰੇ ਦੀ ਪਾਰਕਿੰਗ ਵਿੱਚ ਜਾਂ 121 ਸਟਰੀਟ ਅਤੇ 68 ਐਵੇਨਿਊ ਦੇ ਖੇਤਰ ਵਿੱਚ ਸਨ। ਆਈਹਿਟ ਨੇ ਅਪੀਲ ਕੀਤੀ ਹੈ ਕਿ ਕਿਸੇ ਵੀ ਵਿਅਕਤੀ ਕੋਲ ਇਸ ਸੰਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਫੋਨ ਨੰਬਰ 1-877-551-989 (4448) 'ਤੇ ਜਾਂ ihitinfo'rcmp-grc.gc.ca 'ਤੇ ਈਮੇਲ ਰਾਹੀਂ ਸੰਪਰਕ ਕਰੇ।

# ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦਾ ਕਤਲ ਬੇਰਹਿਮ ਤੇ ਹੈਰਾਨਕੁੰਨ ਘਟਨਾ-ਆਰ.ਸੀ.ਐਮ.ਪੀ.

ਸਫ਼ਾ 1 ਦੀ ਬਾਕੀ

ਦੀ ਜਾਂਚ ਕੀਤੀ ਜਾ ਰਹੀ ਸੀ। ਸਰਕਾਰ ਨੇ ਕਿਹਾ ਸੀ ਕਿ ਉਸ ਨੂੰ ਇਹ ਭਰੋਸੇਯੋਗ ਸੂਚਨਾ ਮਿਲੀ ਕਿ ਬੀਸੀ ਦਾ ਇਸ ਵਾਸੀ ਨੇ ਸਿੱਖ ਨੌਜਵਾਨਾਂ ਲਈ ਹਥਿਆਰ ਖਰੀਦਣ ਅਤੇ ਸਿਖਲਾਈ ਦੇਣ ਲਈ ਫੰਡ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਜੋ ਸੱਜੇ ਪੱਖੀ ਸੰਗਠਨ ਰਾਸ਼ਟਰੀ ਸੋਇਮ ਸਿੰਘ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਦਸਤਾਵੇਜ਼ ਕਹਿੰਦਾ ਹੈ ਕਿ ਉਸ ਦਾ ਉਸ ਸਮੇਂ ਅਤੇ ਉਸ ਥਾਂ 'ਤੇ ਹਮਲਾ ਕਰਨ ਦਾ ਇਰਾਦਾ ਸੀ ਜਿਥੇ ਜ਼ਿਆਦਾ ਗਿਣਤੀ ਵਿਚ ਲੋਕ ਇਕੱਤਰ ਹੁੰਦੇ ਹਨ ਤਾਂ ਜੋ ਵੱਧ ਤੋਂ ਵੱਧ ਮੌਤਾਂ ਹੋਣ ਪਰ ਨਿੱਝਰ ਹਮੇਸ਼ਾ ਜ਼ੋਰ ਦੇ ਕੇ ਕਹਿੰਦਾ ਸੀ ਕਿ ਉਹ ਕੇਵਲ ਸਿੱਖਾਂ ਦੇ ਹੱਕਾਂ ਅਤੇ ਸਿੱਖ ਵਿਰੋਧੀ ਹਿੰਸਾ ਨੂੰ ਨੰਗਾ ਕਰਨ ਲਈ ਮਾਨਵੀ ਹੱਕਾਂ ਦੀ ਮੁਹਿੰਮ ਚਲਾਉਂਦਾ ਹੈ। ਉਸ ਨੇ ਆਪਣੇ ਵਕੀਲ ਰਾਹੀਂ ਕਿਹਾ ਸੀ ਕਿ ਉਹ ਸਿੱਖ ਰਾਸ਼ਟਰਵਾਦੀ ਹੈ ਜਿਹੜਾ ਸਿੱਖਾਂ ਦੇ ਸਵੈਨਿਰਣੇ ਦੇ ਅਧਿਕਾਰਾਂ ਵਿਚ ਵਿਸ਼ਵਾਸ਼ ਰੱਖਦਾ ਹੈ। ਮੇਰੀਆਂ ਸਰਗਰਮੀਆਂ ਸ਼ਾਂਤਮਈ, ਲੋਕਤੰਤਰ ਅਤੇ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਤਹਿਤ ਸੁਰੱਖਿਅਤ ਹਨ। ਇਹ ਇਕੱਲਾ ਮੌਕਾ ਨਹੀਂ ਸੀ ਜਦੋਂ ਨਿੱਝਰ ਨੂੰ ਵਿਦੇਸ਼ ਤੋਂ ਇਸੇ ਤਰ੍ਹਾਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਸੀ। 2016 ਵਿਚ ਉਸ ਨੇ ਇਸ ਰਿਪੋਰਟ ਪਿੱਛੋਂ ਆਪਣਾ ਨਾਂਅ ਕਲੀਅਰ ਕਰਨ ਵਿਚ ਮਦਦ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕੀਤੀ ਸੀ ਕਿ ਉਸ ਨੇ ਮਿਸ਼ਨ, ਬੀਸੀ ਨੇੜੇ ਇਕ ਅੱਤਵਾਦੀ ਸਿਖਲਾਈ ਕੈਂਪ ਸਥਾਪਤ ਕੀਤਾ ਸੀ। ਗੋਲੀਬਾਰੀ ਤੋਂ ਕੁਝ ਘੰਟੇ ਬਾਅਦ ਉਸ ਦੇ ਸਮਰਥਕਾਂ ਨੇ 120ਵੀਂ ਸਟਰੀਟ ਵਿਚ ਮੁਜ਼ਾਹਰਾ ਕੀਤਾ ਅਤੇ ਨਾਅਰੇਬਾਜ਼ੀ ਤੇ ਪ੍ਰਾਰਥਨਾ ਕਰਦਿਆਂ ਸੜਕ ਜਾਮ ਕਰ ਦਿੱਤੀ। ਸਵੇਰੇ 7.30 ਦੇ ਕਰੀਬ ਆਰਸੀਐਮਪੀ ਦੀ ਬੇਨਤੀ 'ਤੇ ਉਨ੍ਹਾਂ ਸੜਕਾਂ ਨੂੰ ਖੋਲ੍ਹ ਦਿੱਤਾ। ਗਰੁੱਪ ਨੇ ਫੇਸਬੁੱਕ ਪੇਜ 'ਤੇ ਲਿਖਿਆ ਕਿ ਸਰੀਰ ਨੂੰ ਖਤਮ ਕਰ ਦਿੱਤਾ ਗਿਆ ਪਰ ਵਿਚਾਰਧਾਰਾ ਇਥੇ ਹੋਰ ਤੇਜ਼ੀ ਨਾਲ ਵਧੇਗੀ। ਉਸ ਵਲੋਂ, ਭਾਈ ਪੰਜਵੜ, ਭਾਈ ਖੰਡਾ ਤੇ ਹੋਰਨਾਂ ਵਲੋਂ ਜੋ ਲੜਾਈ ਲੜੀ ਗਈ ਉਹ ਜਾਰੀ ਰਹੇਗੀ। ਖਾਲਿਸਤਾਨ ਜਿੰਦਾਬਾਦ।


## ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED


PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਸੁਰਜੀਤ ਟੋਰਾਂਟੋ ਦਾ ਸੰਪਾਦਿਤ ਕਾਵਿ ਸੰਗ੍ਰਹਿ '#ਲਵੈਂਡਰ' ਸਾਹਿਤਕ ਫੁੱਲਾਂ ਦਾ ਗੁਲਦਸਤਾ

**ਉਜਾਗਰ ਸਿੰਘ**

ਸੁਰਜੀਤ ਟੋਰਾਂਟੋ ਨੇ #ਲਵੈਂਡਰ ਕਾਵਿ ਸੰਗ੍ਰਹਿ (ਕੈਨੇਡਾ ਦੀ ਚੋਣਵੀਂ ਪੰਜਾਬੀ ਕਵਿਤਾ) ਸੰਪਾਦਿਤ ਕੀਤੀ ਹੈ, ਜਿਸ ਵਿੱਚ ਪੰਜਾਬੀ ਮੂਲ ਰੂਪ ਦੇ 44 ਕਵੀਆਂ/ਕਵਿਤਰੀਆਂ ਦੀਆਂ ਪ੍ਰਕਾਸ਼ਤ ਕੀਤੀਆਂ ਕਵਿਤਾਵਾਂ ਦੀ ਖ਼ੁਸ਼ਬੋ ਫ਼ਿਜ਼ਾ ਨੂੰ ਸੁਗੰਧਤ ਕਰ ਰਹੀ ਹੈ। ਸੁਰਜੀਤ ਸਮੇਤ 44 ਕਵੀ/ਕਵਿਤਰੀਆਂ ਭਾਵੇਂ ਕੈਨੇਡਾ ਵਿੱਚ ਰਹਿ ਰਹੇ ਹਨ ਪ੍ਰੰਤੂ ਉਹ ਮਾਨਸਿਕ ਤੌਰ 'ਤੇ ਆਪਣੀ ਮਾਤ ਭੂਮੀ ਪੰਜਾਬ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਹਨ। ਪੰਜਾਬ ਵਿੱਚ ਕੋਈ ਵੀ ਚੰਗੀ ਜਾਂ ਮੰਦੀ ਘਟਨਾ ਵਾਪਰਦੀ ਹੈ ਤਾਂ ਇਨ੍ਹਾਂ ਮੂਲ ਰੂਪ ਪੰਜਾਬੀ ਕੈਨੇਡੀਅਨ ਕਵੀਆਂ/ਕਵਿਤਰੀਆਂ ਦੇ ਕਲੇਜੇ ਚੀਸ ਪੈਂਦੀ ਹੈ। ਫਿਰ ਇਹ ਆਪੋ ਆਪਣੀਆਂ ਕਲਮਾਂ ਚੁੱਕ ਕੇ ਆਪਣੀ ਚੀਸ ਦੀਆਂ ਪ੍ਰਤੀਕ੍ਰਿਆਵਾਂ ਕਵਿਤਾਵਾਂ ਦੇ ਰੂਪ ਵਿੱਚ ਪ੍ਰਗਟਾਉਂਦੇ ਹਨ। ਸੁਰਜੀਤ ਟੋਰਾਂਟੋ ਪੰਜਾਬ ਦੀ ਪੀੜ ਨਾਲ ਬਾਵਸਤਾ ਰਹਿੰਦੀ ਹੈ, ਉਹ ਲਗਪਗ ਹਰ ਸਾਲ ਆਪਣੀ ਮਾਤ ਭੂਮੀ ਨੂੰ ਨਤਮਸਤਕ ਹੁੰਦੀ ਹੈ। ਇਸ ਲਈ ਉਸ ਨੇ ਪੰਜਾਬੀ ਕਵੀਆਂ/ਕਵਿਤਰੀਆਂ ਦੀਆਂ ਭਾਵਨਾਵਾਂ ਵਿੱਚ ਲਪੇਟੀਆਂ ਬਿਹਤਰੀਨ ਕਵਿਤਾਵਾਂ ਨੂੰ ਇਕੱਤਰ ਕਰਕੇ ਇਕ ਕਾਵਿ ਸੰਗ੍ਰਹਿ ਦਾ ਰੂਪ ਦਿੱਤਾ ਹੈ। ਸੁਰਜੀਤ ਟੋਰਾਂਟੋ ਇਕ ਸੂਝਵਾਨ, ਵਿਸਮਾਦੀ, ਸੰਵੇਦਨਸ਼ੀਲ ਅਤੇ ਪ੍ਰਕ੍ਰਿਤੀ ਦੀ ਕਵਿਤਰੀ ਅਤੇ ਲੇਖਕਾ ਹੈ, ਉਸ ਨੇ ਇੱਕ ਸਾਲ ਦੀ ਸਖ਼ਤ ਮਿਹਨਤ ਤੇ ਦਿਲਚਸਪੀ ਨਾਲ ਕੈਨੇਡੀਅਨ ਪੰਜਾਬੀਆਂ ਦੀ ਕਵਿਤਾਵਾਂ ਦਾ ਪਾਠ ਕਰਦਿਆਂ ਉਨ੍ਹਾਂ ਵਿੱਚੋਂ ਆਪਣੀ ਪਸੰਦ ਦੀਆਂ ਕਵਿਤਾਵਾਂ ਨੂੰ ਇਸ ਕਾਵਿ ਸੰਗ੍ਰਹਿ ਵਿੱਚ ਸ਼ਾਮਲ ਕਰਕੇ ਲਾਜਵਾਬ ਕੰਮ ਕੀਤਾ ਹੈ। ਕਵੀਆਂ ਅਤੇ ਕਵਿਤਾਵਾਂ ਦੀ ਚੋਣ ਕਰਨੀ ਜ਼ੋਖ਼ਮ ਭਰਿਆ ਕੰਮ ਹੁੰਦਾ ਹੈ। ਇਕ ਕਵੀ/ਕਵਿਤਰੀ ਲਈ ਹਰ ਕਵਿਤਾ ਬਿਹਤਰੀਨ ਹੁੰਦੀ ਹੈ ਪ੍ਰੰਤੂ ਉਨ੍ਹਾਂ ਵਿੱਚੋਂ ਚੋਣ ਕਰਨਾ ਕਠਨ ਕਾਰਜ ਹੁੰਦਾ ਹੈ। ਸੁਰਜੀਤ ਟੋਰਾਂਟੋ ਨੇ ਇਹ ਕਠਨ ਤਪੱਸਿਆ ਕਰਕੇ ਪ੍ਰਸੰਸਾਯੋਗ ਕੰਮ ਕੀਤਾ ਹੈ। ਉਨ੍ਹਾਂ ਇਸ ਕਾਵਿ ਸੰਗ੍ਰਹਿ ਵਿੱਚ ਸਥਾਪਤ, ਨੌਜਵਾਨ ਅਤੇ ਇਸਤਰੀ ਕਵਿਤਰੀਆਂ ਨੂੰ ਸ਼ਾਮਲ ਕਰਕੇ ਵੱਖਰੇ-ਵੱਖਰੇ ਰੰਗਾਂ ਦੇ ਸਾਹਿਤਕ ਫੁੱਲਾਂ ਦਾ ਅਜਿਹਾ ਗੁਲਦਸਤਾ ਬਣਾਇਆ ਹੈ, ਜਿਹੜਾ ਖ਼ੂਬਸੂਰਤ ਬਹੁਰੰਗੀ ਖ਼ੁਸ਼ਬੋ ਦੀਆਂ ਛਹਿਬਰਾਂ ਨਾਲ ਸੁਗੰਧਤ ਕਰ ਰਿਹਾ ਹੈ। ਇਸ ਕਾਵਿ ਸੰਗ੍ਰਹਿ ਦੀ ਸਾਹਿਤਕ ਸੁਗੰਧ ਸਮੁੱਚੇ ਸੰਸਾਰ ਦੇ ਪੰਜਾਬੀਆਂ ਨੂੰ ਸੰਗੰਧਤ ਕਰ ਰਹੀ ਹੈ। ਇਹ ਕਾਵਿ ਸੰਗ੍ਰਹਿ ਸੁਰਜੀਤ ਦੀ ਸਾਹਿਤਕ ਸੋਚ ਦੀ ਖ਼ੁਸ਼ਬੋ ਦੇ ਕਲਾਤਮਿਕ ਦ੍ਰਿਸ਼ਟੀਕੋਣ ਦੀ ਜਾਣਕਾਰੀ ਦਿੰਦਾ ਹੈ। ਸੰਪਾਦਕ ਦਾ ਇਹ ਉਦਮ ਸਾਬਤ ਕਰਦਾ ਹੈ ਕਿ ਪੰਜਾਬੀ ਭਾਵੇਂ ਕਿਸੇ ਵੀ ਦੇਸ਼ ਵਿੱਚ ਕਾਰਜਸ਼ੀਲ ਹਨ ਪ੍ਰੰਤੂ ਆਤਮਿਕ ਤੌਰ 'ਤੇ ਉਹ ਪੰਜਾਬ ਦੀ ਮਿੱਟੀ ਦੀ ਮਹਿਕ ਵਿੱਚ ਵਿਚਰ ਰਹੇ ਹਨ। ਅਜਿਹੇ ਉਦਮਾ ਅਤੇ ਪਰਵਾਸੀ ਕਵੀਆਂ/ਕਵਿਤਰੀਆਂ ਦੀਆਂ ਕਲਮਾਂ ਦੀ ਕਰਾਮਾਤ ਸਦਕਾ ਪੰਜਾਬੀ ਮਾਂ ਬੋਲੀ ਹਮੇਸ਼ਾ ਇਸੇ ਤਰ•ਾਂ ਸੰਸਾਰ ਵਿੱਚ ਆਪਣਾ ਬੋਲਬਾਲਾ ਕਾਇਮ ਰੱਖੇਗੀ। ਇਸ ਕਾਵਿ ਸੰਗ੍ਰਹਿ ਵਿੱਚ ਖੁਲ•ੀਆਂ ਅਤੇ ਛੰਦ ਬੱਧ ਦੋਵੇਂ ਕਿਸਮ ਦੀਆਂ ਕਵਿਤਾਵਾਂ ਹਨ। ਇਹ ਕਵਿਤਾਵਾਂ ਸਮੇਂ ਅਤੇ ਪ੍ਰਸਥਿਤੀਆਂ ਦੀ ਤਬਦੀਲੀ ਦੀਆਂ ਪ੍ਰਤੀਕ ਹਨ ਅਤੇ ਇਨ•ਾਂ ਦੇ ਆਪੋ ਆਪਣੇ ਰੰਗ ਸਤਰੰਗੀ ਪੀਂਘ ਦੀ ਤਰ•ਾਂ ਮਨੁੱਖਤਾ ਦੇ ਦਿਲਾਂ ਨੂੰ ਮਨਮੋਹਕ ਦ੍ਰਿਸ਼ ਨਾਲ ਆਕਰਸ਼ਿਤ ਕਰਦੇ ਹਨ। ਕਈ ਕਵਿਤਾਵਾਂ ਭਾਵਨਾਵਾਂ ਵਿੱਚ ਲਪੇਟੀਆਂ ਹੋਈਆਂ ਸਿੰਬਾਲਿਕ ਹਨ, ਜੋ ਬਿੰਬਾਂ ਨਾਲ ਪਿਆਰ ਦੀਆਂ ਪੀਂਘਾਂ ਝੂਟਦੀਆਂ ਨਜ਼ਰ ਆ ਰਹੀਆਂ ਹਨ, ਉਹ ਕਵਿਤਾਵਾਂ ਪਰਵਾਸ ਦੀ ਜ਼ਿੰਦਗੀ ਸਮੇਂ ਅਤੇ ਸਥਾਨ ਦੀ ਪ੍ਰਤੀਨਿਧਤਾ ਕਰਦੀਆਂ ਹਨ। ਪਰਵਾਸ ਤੋਂ ਪਹਿਲਾਂ ਅਤੇ ਬਾਅਦ ਵਿੱਚ ਕਿਹੜੀਆਂ ਤਬਦੀਲੀਆਂ ਆਈਆਂ ਹਨ, ਉਨ੍ਹਾਂ ਤਬਦੀਲੀਆਂ ਨੂੰ ਦੋਵੇਂ ਸਥਾਨਾ 'ਤੇ ਕਿਸ ਨਿਗਾਹ ਨਾਲ ਵੇਖਿਆ ਜਾਂਦਾ ਹੈ, ਕਵਿਤਾਵਾਂ ਦੇ ਵਿਸ਼ੇ ਹਨ। ਸੁਰਜੀਤ ਨੇ ਕਾਵਿ ਸੰਗ੍ਰਹਿ ਵਿੱਚ ਕਵਿਤਾਵਾਂ ਸ਼ਾਮਲ ਕਰਦਿਆਂ ਬਹੁਤ ਹੀ ਸੰਜੀਦਗੀ ਨਾਲ




ਚੋਣ ਕੀਤੀ ਹੈ। ਕਵਿਤਾਵਾਂ ਦਰਸਾਉਂਦੀਆਂ ਹਨ ਕਿ ਪੰਜਾਬ ਅਤੇ ਪਰਵਾਸ ਦੀ ਪ੍ਰਣਾਲੀ ਅਤੇ ਕਾਨੂੰਨਾ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ, ਉਸ ਅੰਤਰ ਦਾ ਦੋਵੇਂ ਸਥਾਨਾ 'ਤੇ ਕੀ ਪ੍ਰਭਾਵ ਪੈਂਦਾ ਹੈ। ਜਦੋਂ ਪਰਵਾਸ ਸ਼ੁਰੂ ਹੋਇਆ ਅਤੇ ਹੁਣ ਕਿਸ ਸੰਧਰਵ ਵਿੱਚ ਲਿਆ ਜਾਂਦਾ ਹੈ। ਕਵਿਤਾਵਾਂ ਵਿੱਚ ਪਰਵਾਸ ਦੀ ਚੀਸ ਅਤੇ ਖ਼ੁਸ਼ੀ ਦੋਵੇਂ ਮਿਲਦੇ ਹਨ। ਆਸ਼ਾ ਤੇ ਨਿਰਾਸ਼ਾ ਦੋਵੇਂ ਵਿਦਮਾਨ ਹਨ। ਪਰਵਾਸ ਵਿੱਚ ਸੱਧਰਾਂ ਦੇ ਮਰ ਜਾਣ ਦਾ ਸੰਤਾਪ ਵੀ ਹੈ। ਪ੍ਰੰਤੂ ਨਾਲ ਹੀ ਤੰਗੀਆਂ ਤੁਰਸ਼ੀਆਂ ਦਾ ਮੁਕਾਬਲਾ ਕਰਕੇ ਸਫਲਤਾ ਦਾ ਸਿਹਰਾ ਵੀ ਬੱਝਦਾ ਹੈ। ਪਰਿਵਾਰਿਕ ਰਿਸ਼ਤਿਆਂ, ਇਸਤਰੀ ਦੀ ਗ਼ੁਲਾਮੀ, ਅਨੇਕਾਂ ਗੁਰੂ ਘਰ ਹੋਣ ਦੇ ਬਾਵਜੂਦ ਜਾਤ ਪਾਤ ਦਾ ਬਰਕਰਾਰ ਰਹਿਣਾ ਅਤੇ ਪੰਜਾਬ ਦੀ ਤ੍ਰਾਸਦੀ ਕਵਿਤਾਵਾਂ ਵਿੱਚੋਂ ਝਲਕਦੀ ਹੋਈ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ। ਕਵਿਤਾਵਾਂ ਇਨਸਾਨ ਨੂੰ ਅੰਤਰ ਝਾਤ ਮਾਰਨ 'ਤੇ ਜ਼ੋਰ ਦਿੰਦੀਆਂ ਹਨ ਤਾਂ ਜੋ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕੇ, ਖ਼ੁਸ਼ੀ ਕਿਸੇ ਵੀ ਚੀਜ਼ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕੁਝ ਕਵਿਤਾਵਾਂ ਇਸਤਰੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ, ਜਿਵੇਂ ਇਸਤਰੀ ਦਾ ਹਰ ਰੋਣ ਧੋਣ ਬਰਦਾਸ਼ਤ ਕੀਤਾ ਜਾ ਸਕਦਾ ਪ੍ਰੰਤੂ ਔਰਤ ਦੇ ਪਿਆਰ ਨੂੰ ਅਣਡਿਠ ਕਰਨਾ ਝੱਲਿਆ ਨਹੀਂ ਜਾ ਸਕਦਾ ਕਿਉਂਕਿ ਔਰਤ ਖ਼ੁਸ਼ੀਆਂ ਅਤੇ ਖੇੜਿਆਂ ਦੀ ਪ੍ਰਤੀਕ ਹੁੰਦੀ ਹੈ। ਔਰਤ ਸ਼ਕਤੀਵਾਨ ਹੈ, ਉਸ ਨੂੰ ਆਪਣੀ ਛੁਪੀ ਸ਼ਕਤੀ ਦੀ ਪਛਾਣ ਕਰਨੀ ਚਾਹੀਦੀ ਹੈ। ਬੇਇਨਸਾਫ਼ੀ, ਜ਼ਾਲਮਾਂ ਤੇ ਲੁਟੇਰਿਆਂ ਵਿਰੁੱਧ, ਮਨੁੱਖਤਾ ਲਈ ਮੋਹ, ਹੱਕ ਸੱਚ 'ਤੇ ਪਹਿਰਾ, ਇਨਕਲਾਬੀ ਸੋਚ, ਸਵੱਛ ਵਾਤਾਵਰਨ, ਕਿਸਾਨਾ ਨਾਲ ਹਮਦਰਦੀ ਅਤੇ ਸੰਗੀਤ ਦੀ ਚਾਸ਼ਣੀ ਵਰਗੇ ਵਿਸ਼ਿਆਂ ਨਾਲ ਲਬਰੇਜ਼ ਕਵਿਤਾਵਾਂ ਮਨੁੱਖੀ ਮਨਾਂ ਵਿੱਚ ਸੰਵੇਦਨਾ ਪੈਦਾ ਕਰਦੀਆਂ ਹਨ। ਗੰਧਲੀ ਸਿਆਸਤ, ਬਲਾਤਕਾਰ ਅਤੇ ਨਸ਼ਿਆਂ ਦੇ ਖ਼ਤਰਨਾਕ ਸਿੱਟਿਆਂ ਬਾਰੇ ਚਿੰਤਾ ਪ੍ਰਗਟ ਕਰਦੀਆਂ ਹਨ।


ਸੁਰਜੀਤ ਟੋਰਾਂਟੋ

ਗੁਰੂ ਦੀ ਵਿਚਾਰਧਾਰ 'ਤੇ ਪਹਿਰਾ ਦੇਣ, ਵਿਰਾਸਤ ਦੀ ਸੰਭਾਲ, ਸ਼ਾਂਤੀ ਦੀ ਪੁਕਾਰ ਅਤੇ ਪੰਜਾਬੀ ਬੋਲੀ ਨੂੰ ਅਪਨਾਉਣ ਦੀ ਪ੍ਰੇਰਨਾ ਦੇ ਰਹੀਆਂ ਹਨ। ਹਿੰਦ ਪਾਕਿ ਦੀ ਵੰਡ ਦੀ ਹੂਕ ਪਾਉਂਦੀਆਂ ਕਵਿਤਾਵਾਂ ਵੀ ਹਨ। ਪਰਵਾਸ ਵਿੱਚ ਪੰਜਾਬੀ ਜਾਂਦੇ ਵੀ ਤਰੱਦਦ ਕਰਕੇ ਹਨ ਪ੍ਰੰਤੂ ਉਥੇ ਜਾ ਕੇ ਜਦੋਜਹਿਦ ਕਰਨੀ ਪੈਂਦੀ ਹੈ। ਉਨ੍ਹਾਂ ਨੂੰ ਪਿਛਲਾ ਵਿਰਾਸਤ ਦਾ ਹੇਜ ਵੀ ਤੰਗ ਕਰਦਾ ਰਹਿੰਦਾ ਹੈ। ਇਨਸਾਨ ਬ੍ਰਾਂਡਡ ਉਲਝਣਾ ਵਿੱਚ ਫਸਿਆ ਰਹਿੰਦਾ ਹੈ, ਮੂਲ ਨਿਵਾਸੀ ਕੈਨੇਡੀਅਨ ਦਾ ਦਰਦ ਅਤੇ ਪੰਜਾਬ ਵਿੱਚ ਇਸਤਰੀਆਂ ਦੀ ਦੁਰਦਸ਼ਾ ਤੇ ਕੁਦਰਤ ਨਾਲ ਕੀਟਨਾਸ਼ਕ ਦਵਾਈਆਂ ਰਾਹੀਂ ਕੀਤੇ ਜਾਂਦੇ ਖਿਲਵਾੜ ਬਾਰੇ ਕਵਿਤਾਵਾਂ ਹਨ, ਜੋ ਪਾਠਕ ਨੂੰ ਕੁਰੇਦਦੀਆਂ ਹਨ। ਬੁੱਧ ਦਾ ਨਿਰਵਾਣ ਬੁੱਧ ਲਈ ਸ਼ਾਂਤੀ ਤਾਂ ਦੇ ਸਕਦਾ ਪ੍ਰੰਤੂ ਔਰਤ ਲਈ ਦੁੱਖਦਾਈ ਹੈ। ਕੁਝ ਕਵੀਆਂ/ਕਵਿਤਰੀਆਂ ਨੇ ਪੰਜਾਬ ਵਿੱਚ ਗ਼ਰੀਬ ਅਮੀਰ ਦੇ ਪਾੜੇ ਵਿੱਚ ਜ਼ਮੀਨ ਅਸਮਾਨ ਦੇ ਅੰਤਰ ਬਾਰੇ ਕਵਿਤਾਵਾਂ ਲਿਖਦਿਆਂ ਗ਼ਰੀਬਾਂ ਦੀ ਦਾਸਤਾਂ ਬਿਆਨ ਕੀਤੀ ਹੈ। ਜ਼ਿੰਦਗੀ ਵਿੱਚ ਬਚਪਨ, ਜਵਾਨੀ ਅਤੇ ਬੁਢਾਪੇ ਦੇ ਰੰਗਾਂ ਨੂੰ ਵੀ ਦਰਸਾਇਆ ਹੈ। ਆਪਣਿਆਂ ਦਾ ਵਿਗਾਨਿਆਂ ਦੀ ਤਰ੍ਹਾਂ ਵਿਵਹਾਰ ਤਕਲੀਫ ਦਿੰਦਾ ਹੈ। ਹਓਮੈ ਇਕ ਨਾ ਇਕ ਦਿਨ ਟੁੱਟ ਜਾਂਦੀ ਹੈ, ਆਸਾਂ ਦੇ ਸਿਰ ਜੀਵਨ ਬਸਰ ਹੁੰਦਾ ਹੈ ਪ੍ਰੰਤੂ ਉਹ ਕਦੀਂ ਪੂਰੀਆਂ ਨਹੀਂ ਹੁੰਦੀਆਂ। ਇਸ ਪੁਸਤਕ ਦੀਆਂ ਕਵਿਤਾਵਾਂ ਪਿਆਰ ਮੁਹੱਬਤ ਦੇ ਗੀਤ ਗਾਉਂਦੀਆਂ ਹੋਈਆਂ ਨਫ਼ਰਤਾਂ ਦੀਆਂ ਕੰਧਾਂ ਤੋੜਨ ਦੀ ਪੁਰਜ਼ੋਰ ਹਮਾਇਤ ਕਰਦੀਆਂ ਹਨ। ਮਨੁੱਖ ਦੀ ਇਸਤਰੀ ਦੇ ਸਰੀਰਕ ਖਿੱਚ ਦੀ ਪ੍ਰਵਿਰਤੀ ਦਾ ਪਾਜ ਉਘੇੜਦੀ ਸੀਰਤ ਦੀ ਕਦਰ ਕਰਨ ਨੂੰ ਤਰਜ਼ੀਹ ਦੇਣ ਦੀ ਵਕਾਲਤ ਕੀਤੀ ਗਈ ਹੈ। ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਹਨ। ਪੰਜਾਬੀਆਂ ਦੇ ਅੱਸੀਵਿਆਂ ਵਿੱਚ ਹੋਏ ਮਾਨਵਤਾ ਦੇ ਘਾਣ ਬਾਰੇ ਦੁੱਖਦਾਇਕ ਸਮੇਂ ਦੀ ਤ੍ਰਾਸਦੀ ਦਾ ਜ਼ਿਕਰ ਕਰਦੀਆਂ ਹੋਈਆਂ ਵਰਤਮਾਨ ਜ਼ਿੰਦਗੀ ਨੂੰ ਮਾਨਣ ਦੀ ਪੁਰਜ਼ੋਰ ਤਾਕੀਦ ਕਰਦੀਆਂ ਹਨ। ਮਾਨਵਤਾ ਦੇ ਹੱਕਾਂ 'ਤੇ ਪਹਿਰਾ ਦਿੰਦੀਆਂ ਹਨ। ਮਨੁੱਖ ਮੁਖੌਟੇ ਪਾਈ ਫਿਰਦਾ ਹੈ, ਭਾਵ ਦੂਹਰੀ ਜ਼ਿੰਦਗੀ ਜਿਓ ਰਿਹਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਇਕ ਹੋਰ ਵੱਖਰੀ ਗੱਲ ਹੈ ਕਿ ਸੰਪਾਦਕ ਨੇ ਸੰਪਾਦਨਾ ਕਰਦਿਆਂ ਪੁਸਤਕ ਵਿੱਚ ਸ਼ਾਮਲ ਕਵੀਆਂ/ਕਵਿਤਰੀਆਂ ਬਾਰੇ ਵੀ ਸੰਖੇਪ ਵਿੱਚ ਜਾਣਕਾਰੀ ਦਿੱਤੀ ਹੈ। ਇਹ ਜਾਣਕਾਰੀ ਉਨ੍ਹਾਂ ਦੇ ਸਮੁੱਚੇ ਯੋਗਦਾਨ ਦਾ ਸਾਰੰਸ਼ ਹੈ।

166 ਪੰਨਿਆਂ, 180 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਅਲੋਪ ਹੋ ਰਹੇ ਚੇਟਕਾਂ ਦਾ ਦੁੱਖ, ਪਰਵਾਸ ਦੀਆਂ ਪਰੰਪਰਾਵਾਂ, ਨਿਯਮਾ ਅਤੇ ਦੋਸਤੀਆਂ ਦੀ ਪ੍ਰਸੰਸਾ ਕੀਤੀ ਗਈ ਹੈ।

> ਸੁਰਜੀਤ ਟੋਰਾਂਟੋ ਇਕ ਸੂਝਵਾਨ, ਵਿਸਮਾਦੀ, ਸੰਵੇਦਨਸ਼ੀਲ ਅਤੇ ਪ੍ਰਕ੍ਰਿਤੀ ਦੀ ਕਵਿਤਰੀ ਅਤੇ ਲੇਖਕਾ ਹੈ, ਉਸ ਨੇ ਇੱਕ ਸਾਲ ਦੀ ਸਖ਼ਤ ਮਿਹਨਤ ਤੇ ਦਿਲਚਸਪੀ ਨਾਲ ਕੈਨੇਡੀਅਨ ਪੰਜਾਬੀਆਂ ਦੀ ਕਵਿਤਾਵਾਂ ਦਾ ਪਾਠ ਕਰਦਿਆਂ ਉਨ੍ਹਾਂ ਵਿੱਚੋਂ ਆਪਣੀ ਪਸੰਦ ਦੀਆਂ ਕਵਿਤਾਵਾਂ ਨੂੰ ਇਸ ਕਾਵਿ ਸੰਗ੍ਰਹਿ ਵਿੱਚ ਸ਼ਾਮਲ ਕਰਕੇ ਲਾਜਵਾਬ ਕੰਮ ਕੀਤਾ ਹੈ। ਕਵੀਆਂ ਅਤੇ ਕਵਿਤਾਵਾਂ ਦੀ ਚੋਣ ਕਰਨੀ ਜ਼ੋਖ਼ਮ ਭਰਿਆ ਕੰਮ ਹੁੰਦਾ ਹੈ। ਇਕ ਕਵੀ/ਕਵਿਤਰੀ ਲਈ ਹਰ ਕਵਿਤਾ ਬਿਹਤਰੀਨ ਹੁੰਦੀ ਹੈ ਪ੍ਰੰਤੂ ਉਨ੍ਹਾਂ ਵਿੱਚੋਂ ਚੋਣ ਕਰਨਾ ਕਠਨ ਕਾਰਜ ਹੁੰਦਾ ਹੈ। ਸੁਰਜੀਤ ਟੋਰਾਂਟੋ ਨੇ ਇਹ ਕਠਨ ਤਪੱਸਿਆ ਕਰਕੇ ਪ੍ਰਸੰਸਾਯੋਗ ਕੰਮ ਕੀਤਾ ਹੈ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

ਸਰੀ ਪੁਲਿਸ ਬਨਾਮ ਆਰ ਸੀ ਐਮ ਪੀ ਦਾ ਮਸਲਾ

# ਨਹੀਂ ਸੁਲਝ ਰਿਹਾ ਸਰੀ ਪੁਲਿਸ ਦਾ ਮੁੱਦਾ....

**ਸੁਖਵਿੰਦਰ ਸਿੰਘ ਚੋਹਲਾ**

ਸਰੀ ਪੁਲਿਸ ਬਨਾਮ ਆਰ ਸੀ ਐਮ ਪੀ ਦਾ ਮਸਲਾ ਸਰੀ ਨਿਵਾਸੀਆਂ ਦੀ ਇੱਛਾ ਅਤੇ ਬੇਹਤਰ ਸੁਰੱਖਿਆ ਪ੍ਰਬੰਧਾਂ ਦੀ ਬਿਜਾਏ ਸਿਆਸੀ ਖੇਡ ਵਿਚ ਵਧੇਰੇ ਉਲਝਿਆ ਪਿਆ ਹੈ। ਹੁਣ ਇਹ ਮਸਲਾ ਸਿਟੀ ਕੌਂਸਲ ਬਨਾਮ ਸੂਬਾ ਸਰਕਾਰ ਬਣ ਗਿਆ ਹੈ। ਸੂਬਾ ਸਰਕਾਰ ਵਲੋਂ ਇਕ ਮਹੀਨਾ ਪਹਿਲਾਂ ਮਿਊਂਸਪਲ ਪੁਲਿਸ ਟਰਾਂਜੀਸ਼ਨ ਨੂੰ ਜਾਰੀ ਰੱਖੇ ਜਾਣ ਦੀ ਸਿਫਾਰਸ਼ ਕੀਤੇ ਜਾਣ ਉਪਰੰਤ ਹੁਣ ਫਿਰ ਸਿਟੀ ਮੇਅਰ ਨੇ ਆਪਣਾ ਫੈਸਲਾ ਸੁਣਾਇਆ ਹੈ। ਫੈਸਲਾ ਇਹ ਹੈ ਕਿ ਉਹ ਸੂਬਾ ਸਰਕਾਰ ਦੀ ਸਿਫਾਰਸ਼ ਨੂੰ ਨਹੀ ਮੰਨਦੇ ਬਲਕਿ ਸਿਟੀ ਕੌਂਸਲ ਨੇ ਇਕ ਬੰਦ ਕਮਰੇ ਮੀਟਿੰਗ ਦੌਰਾਨ ਕਰਵਾਈ ਗਈ ਵੋਟਿੰਗ ਵਿਚ ਆਰ ਸੀ ਐਮ ਪੀ ਦੀਆਂ ਸੇਵਾਵਾਂ ਜਾਰੀ ਰੱਖਣ ਦਾ ਬਹੁਮਤ ਨਾਲ ਮਤਾ ਪਾਸ ਕਰ ਦਿੱਤਾ ਹੈ। ਪਰ ਸਿਟੀ ਮੇਅਰ ਨੇ ਇਹ ਦੱਸਣ ਤੋ ਇਨਕਾਰ ਕਰ ਦਿੱਤਾ ਹੈ ਕਿ ਕੌਂਸਲਰ ਵੋਟਾਂ ਦੀ ਗਿਣਤੀ ਕੀ ਰਹੀ। ਸਮਝਿਆ ਜਾਂਦਾ ਹੈ ਕਿ ਮੇਅਰ ਵਲੋਂ ਐਲਾਨ ਕਰ ਦੇਣ ਨਾਲ ਮਸਲਾ ਹੱਲ ਨਹੀ ਹੋਇਆ ਬਲਕਿ ਸੂਬਾ ਸਰਕਾਰ ਵਲੋਂ ਇਸਨੂੰ ਪ੍ਰਵਾਨਗੀ ਦੇਣੀ ਅਜੇ ਵੀ ਬਾਕੀ ਹੈ। ਬੀਸੀ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੇ ਕਿਹਾ ਹੈ ਕਿ ਉਹ ਸਿਟੀ ਕੌਂਸਲ ਦੇ ਫੈਸਲੇ ਅਤੇ ਯੋਜਨਾ ਦਾ ਰੀਵਿਊ ਕਰਨਗੇ। ਉਹਨਾਂ ਨੇ ਵੀ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਸ਼ਹਿਰ ਦੇ ਲੋਕ ਪੁਖਤਾ ਸੁਰੱਖਿਆ ਦੇ ਹੱਕਦਾਰ ਹਨ ਤੇ ਇਹ ਮਾਮਲਾ ਜਲਦ ਨਿਪਟਣਾ ਚਾਹੀਦਾ ਹੈ। ਇਸਤੋਂ ਪਹਿਲਾਂ ਵੀ ਉਹਨਾਂ ਨੇ ਆਪਣੀ ਸਿਫਾਰਸ਼ ਵਿਚ ਆਰ ਸੀ ਐਮ ਪੀ ਦੀਆਂ ਸੇਵਾਵਾਂ ਨੂੰ ਜਾਰੀ ਰੱਖੇ ਜਾਣ ਤੋਂ ਚੌਕਸ ਕਰਦਿਆਂ ਕਿਹਾ ਸੀ ਕਿ ਇਸ ਨਾਲ ਬੀ ਸੀ ਵਿਚ ਲਗਪਗ 1500 ਅਫਸਰਾਂ ਦੀਆਂ ਖਾਲੀ ਅਸਾਮੀਆਂ ਨਾਲ ਜੂਝ ਰਹੀ ਫੋਰਸ ਹੋਰ ਦਬਾਅ ਵਿਚ ਆ ਜਾਵੇਗੀ। ਉਹਨਾਂ ਮਿਊਂਸਪਲ ਪੁਲਿਸ ਟਰਾਂਜੀਸ਼ਨ ਜਾਰੀ ਰੱਖੇ ਜਾਣ ਲਈ ਸਿਟੀ ਨੂੰ 150 ਮਿਲੀਅਨ ਡਾਲਰ ਦੀ ਸਹਾਇਤਾ ਦੀ ਪੇਸ਼ਕਸ਼ ਵੀ ਕੀਤੀ ਸੀ। ਆਰ ਸੀ ਐਮ ਪੀ ਨੂੰ ਰੱਖੇ ਜਾਣ ਦੀ ਸੂਰਤ ਵਿਚ ਸੂਬੇ ਦੇ ਹੋਰ ਥਾਵਾਂ ਤੋ ਆਰ ਸੀ ਐਮ ਪੀ ਪੁਲਿਸ ਅਫਸਰ ਨਾ ਬੁਲਾਏ ਜਾਣ ਸਹਿਤ ਕਈ ਹੋਰ ਸ਼ਰਤਾਂ ਵੀ ਲਗਾਈਆਂ ਸਨ। ਸਰੀ ਪੁਲਿਸ ਬਨਾਮ ਆਰ ਸੀ ਐਮ ਪੀ ਦੀਆਂ ਸਮਰਥਕ ਧਿਰਾਂ-ਸਾਰੇ ਹੀ ਜਨਤਕ ਸੁਰੱਖਿਆ ਦੀ ਗੱਲ ਕਰਦੇ ਹਨ। ਜੇ ਸਾਰਿਆਂ ਦਾ ਮਕਸਦ ਇਕ ਹੀ ਹੈ ਤਾਂ ਇਹ ਵਿਵਾਦ ਕਿਉਂ। ਪ੍ਰੈਸ ਕਾਨਫਰੰਸ ਦੌਰਾਨ ਮੇਅਰ ਬਰੈਂਡਾ ਲੌਕ ਨੇ ਦਾਅਵਾ ਕੀਤਾ ਹੈ ਕਿ ਸਿਟੀ ਕੌਂਸਲ ਨੇ ਆਰ ਸੀ ਐਮ ਪੀ ਨੂੰ ਸਰੀ ਦੀ ਅਧਿਕਾਰਤ ਪੁਲਿਸ ਬਣਾਈ ਰੱਖਣ ਦੇ ਪੱਖ ਵਿਚ ਵੋਟ ਦਿੱਤਾ ਹੈ। ਮੇਅਰ ਨੇ ਕਾਹਲੀ ਨਾਲ ਕੌਂਸਲ ਵਲੋਂ ਲਿਆ ਗਿਆ ਫੈਸਲਾ ਤਾਂ ਸੁਣਾ ਦਿੱਤਾ ਪਰ ਉਹਨਾਂ ਨੇ ਇਸ ਸਬੰਧੀ ਜੁੜੇ ਹੋਰ ਮੁੱਦਿਆਂ ਵਿਸ਼ੇਸ਼ ਕਰਕੇ ਖਰਚੇ ਬਾਰੇ ਕੋਈ ਜਾਣਕਾਰੀ ਸਾਂਝੀ ਨਹੀ ਕੀਤੀ ਬਲਕਿ ਖਰਚੇ ਬਾਰੇ ਅੰਕੜੇ ਉਪਲਬਧ ਨਾ ਹੋਣ ਦਾ ਬਹਾਨਾ ਬਣਾਕੇ ਟਾਲਾ ਵੱਟਣ ਦਾ ਯਤਨ ਕੀਤਾ ਹੈ।

ਇਸੇ ਦੌਰਾਨ ਸਰੀ ਫਸਟ ਦੀ ਕੌਂਸਲਰ ਲਿੰਡਾ ਐਨਿਸ ਨੇ ਆਰ ਸੀ ਐਮ ਪੀ ਨੂੰ ਬਣਾਈ ਰੱਖਣ ਲਈ ਕੌਂਸਲ ਦੀ ਬੰਦ ਕਮਰਾ ਮੀਟਿੰਗ ਦੇ ਫ਼ੈਸਲੇ ਨੂੰ ਸਰੀ ਦੇ ਲੋਕਾਂ ਦਾ ਅਪਮਾਨ ਦੱਸਿਆ ਹੈ। ਐਨਿਸ ਦਾ ਕਹਿਣਾ ਹੈ ਕਿ ਇਹ ਫ਼ੈਸਲਾ ਮੇਅਰ ਅਤੇ ਬੀਸੀ ਸਰਕਾਰ ਵਿਚਾਲੇ ਟਕਰਾਅ ਵਾਲੀ ਸਥਿਤੀ ਪੈਦਾ ਕਰਨ ਵਾਲਾ ਹੈ। ਐਨਿਸ ਜੋ ਕਿ ਪਿਛਲੇ ਸਮੇਂ ਤੋ ਇਸ ਇਸ ਵਿਵਾਦਿਤ ਮੁੱਦੇ 'ਤੇ ਰਾਇਸ਼ਮਾਰੀ ਕਰਵਾਏ ਜਾਣ ਦੀ ਮੰਗ ਕਰਦੀ ਆ ਰਹੀ ਹੈ ਦਾ ਕਹਿਣਾ ਹੈ ਕਿ ਇਹ ਮੁੱਦਾ ਹੁਣ ਪਹਿਲਾਂ ਤੋ ਵੀ ਜਿਆਦਾ ਉਲਝ ਗਿਆ ਹੈ। ਉਧਰ ਸਰੀ ਬੋਰਡ ਆਫ ਟਰੇਡ ਦੀ ਸੀਈਓ ਅਨੀਤਾ ਹੁਬਰਮੈਨ ਨੇ ਸ਼ਹਿਰ ਵਿਚ ਆਰ ਸੀ ਐਮ ਪੀ ਨੂੰ ਬਰਕਰਾਰ ਰੱਖੇ ਜਾਣ ਦੇ ਫੈਸਲੇ ਉਪਰ ਖੁਸ਼ੀ ਪ੍ਰਗਟਾਈ ਹੈ।



ਇਸ ਸਾਰੇ ਘਟਨਾਕ੍ਰਮ ਉਪਰ ਸਰੀ ਪੁਲਿਸ ਸਰਵਿਸ ਦੇ ਚੀਫ ਲਿਪਿੰਸਕੀ ਨੇ ਇਕ ਬਿਆਨ ਰਾਹੀਂ ਕਿਹਾ ਹੈ ਕਿ ਸਰੀ ਪੁਲਿਸ ਨੂੰ ਇਕ ਸਥਾਨਕ, ਆਜ਼ਾਦ ਪੁਲਿਸ ਸਰਵਿਸ ਬਣਾਉਣ ਲਈ ਤਿੰਨ ਸਾਲਾਂ ਵਿਚ ਕੀਤੇ ਵਿੱਤੀ ਤੇ ਮਾਨਵੀ ਨਿਵੇਸ਼ ਦੇ ਬਾਵਜੂਦ ਸਰੀ ਸਿਟੀ ਕੌਂਸਲ ਵਲੋਂ ਆਰਸੀਐਮਪੀ ਦੇ ਹੱਕ ਵਿਚ ਵੋਟ ਦੇਣ ਵਾਲਾ ਫੈਸਲਾ ਨਿਰਾਸ਼ਾਜਨਕ ਹੈ। ਉਹਨਾਂ ਦੀ ਚਿੰਤਾ ਹੈ ਕਿ ਸਰੀ ਪੁਲਿਸ ਦੇ 400 ਮੁਲਾਜ਼ਮਾਂ ਨੂੰ ਰੋਜ਼ੀ -ਰੋਟੀ ਦੇ ਨਾਲ ਆਪਣੇ ਅਨਿਸਚਿਤ ਭਵਿੱਖ ਵੱਲ ਧੱਕਿਆ ਜਾ ਰਿਹਾ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਵੀ ਸਰੀ ਕੌਂਸਲ ਦੇ ਫੈਸਲੇ ਉਪਰ ਨਾਖੁਸ਼ੀ ਪ੍ਰਗਟ ਕਰਦਿਆਂ ਸਰੀ ਪੁਲਿਸ ਨੂੰ ਖਤਮ ਕੀਤੇ ਜਾਣ ਦੀ ਸੂਰਤ ਵਿਚ ਸ਼ਹਿਰ ਦੀ ਸੁਰੱਖਿਆ ਦੇ ਖਤਰੇ ਵਿਚ ਪੈਣ ਉਪਰ ਖਦਸ਼ਾ ਪ੍ਰਗਟਾਇਆ ਹੈ।

ਉਧਰ ਆਰ ਸੀ ਐਮ ਪੀ ਦੇ ਅਸਿਸਟੈਂਟ ਕਮਿਸ਼ਨਰ ਨੇ ਸਰਕਾਰ ਦੇ ਇਸ ਖਦਸ਼ੇ ਨੂੰ ਨਿਰਮੂਲ ਕਹਿੰਦਿਆਂ ਆਸ ਪ੍ਰਗਟ ਕੀਤੀ ਹੈ ਕਿ ਉਹ ਹੋਰਾਂ ਥਾਵਾਂ ਤੋਂ ਆਰ ਸੀ ਐਮ ਪੀ ਅਫਸਰ ਬੁਲਾਉਣ ਦੀ ਥਾਂ ਮੌਜੂਦਾ 544 ਅਫਸਰਾਂ ਦੇ ਨਾਲ ਕੰਮ ਕਰ ਰਹੇ 176 ਸਰੀ ਪੁਲਿਸ ਅਫਸਰਾਂ ਨੂੰ ਫੋਰਸ ਵਿਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਨਗੇ। ਉਹਨਾਂ ਦਾਅਵਾ ਕੀਤਾ ਕਿ ਸਰੀ ਪੁਲਿਸ ਦੇ 81 ਅਫਸਰ ਆਰ ਸੀ ਐਮ ਪੀ ਵਿਚ ਸ਼ਾਮਿਲ ਹੋਣ ਨੂੰ ਤਿਆਰ ਹਨ ਜਦੋਂਕਿ 12 ਅਫਸਰ ਅਪਲਾਈ ਕਰ ਵੀ ਚੁੱਕੇ ਹਨ।

ਉਧਰ ਮੇਅਰ ਬਰੈਂਡਾ ਲੌਕ ਦਾ ਦਾਅਵਾ ਹੈ ਕਿ ਸਰੀ ਪੁਲਿਸ ਅਫਸਰਾਂ ਨੂੰ ਆਰ ਸੀ ਐਮ ਪੀ ਵਿਚ ਸ਼ਾਮਿਲ ਕੀਤੇ ਜਾਣ ਲਈ ਸਟਾਫ ਦੀ ਸਮੱਸਿਆ ਹੱਲ ਹੋ ਜਾਵੇਗੀ ਤੇ ਆਰ ਸੀ ਐਮ ਪੀ ਨੂੰ ਬਰਕਾਰ ਰੱਖਿਆ ਜਾਣਾ ਸਰੀ ਪੁਲਿਸ ਟਰਾਂਜੀਸ਼ਨ ਦੇ ਖਰਚੇ ਨਾਲੋਂ ਕਿਤੇ ਘੱਟ ਹੈ। ਉਹਨਾਂ ਭਾਵੇਂ ਖਰਚੇ ਦਾ ਖੁਲਾਸਾ ਨਹੀ ਕੀਤਾ ਪਰ ਅੰਦਾਜਾ ਹੈ ਕਿ ਟਰਾਂਜੀਸ਼ਨ ਪ੍ਰਕਿਰਿਆ ਰੋਕੇ ਜਾਣ ਉਪਰ 72 ਮਿਲੀਅਨ ਡਾਲਰ ਖਰਚ ਆਉਣਗੇ।

ਭਾਵੇਂਕਿ ਸਰੀ ਮੇਅਰ ਤੇ ਸੂਬਾ ਸਰਕਾਰ ਵਲੋਂ ਇਸ ਮੁੱਦੇ ਉਪਰ ਸਿਆਸਤ ਕੀਤੇ ਜਾਣ ਨੂੰ ਨਾਕਾਰਦਿਆਂ ਜਨਤਕ ਸੁਰੱਖਿਆ ਨੂੰ ਪਹਿਲੀ ਤਰਜੀਹ ਦੱਸਿਆ ਜਾ ਰਿਹਾ ਹੈ ਪਰ ਅਸਲੀਅਤ ਉਪਰ ਪਰਦਾ ਪਾਉਣਾ ਮੁਸ਼ਕਲ ਹੈ। ਸਾਰੀਆਂ ਧਿਰਾਂ ਇਸ ਮੁੱਦੇ ਉਪਰ ਸਿਆਸਤ ਹੀ ਖੇਡ ਰਹੀਆਂ ਹਨ। ਸਰੀ ਮੇਅਰ ਬਰੈਂਡਾ ਲੌਕ ਜੋ ਕਿ ਆਰ ਸੀ ਐਮ ਪੀ ਨੂੰ ਸਰੀ ਵਿਚ ਰੱਖਣ ਦੇ ਵਾਅਦੇ ਨਾਲ ਹੀ ਮੇਅਰ ਦੀ ਕੁਰਸੀ ਤੱਕ ਪੁੱਜਣ ਵਿਚ ਕਾਮਯਾਬ ਹੋਈ, ਲਈ ਇਸ ਵਾਅਦੇ ਤੋਂ ਮੁੱਕਰਨਾ, ਸਿਆਸੀ ਖੁਦਕੁਸ਼ੀ ਵਾਂਗ ਹੈ। ਬਰੈਂਡਾ ਲੌਕ ਦੇ ਸਮਰਥਕਾਂ ਦਾ ਦਾਅਵਾ ਹੈ ਕਿ ਉਹਨਾਂ ਦੀ ਮੇਅਰ ਵਜੋਂ ਚੋਣ ਹੀ ਇਸ ਮੁੱਦੇ ਉਪਰ ਰਾਇਸ਼ੁਮਾਰੀ ਸੀ। ਦੂਸਰੇ ਪਾਸੇ ਮਿਊਂਸੁਪਲ ਪੁਲਿਸ ਦੇ ਸਮਰਥਕਾਂ ਦਾ ਪੱਖ ਪੂਰਨਾ ਐਨ ਡੀ ਪੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸਿਆਸੀ ਮਜ਼ਬੂਰੀ ਹੈ। ਸਰੀ ਦੀਆਂ ਬਹੁਗਿਣਤੀ ਸੀਟਾਂ ਐਨ ਡੀ ਪੀ ਦੇ ਕਬਜੇ ਵਿਚ ਹਨ। ਪਾਰਟੀ ਕਦਾਚਿਤ ਨਹੀ ਚਾਹੇਗੀ ਕਿ ਉਸਦੀ ਇਸ ਮੁੱਦੇ ਉਪਰ ਡਾਵਾਂਡੋਲ ਸਥਿਤੀ ਭਵਿੱਖ ਵਿਚ ਪਾਰਟੀ ਲਈ ਕਿਸੇ ਨੁਕਸਾਨ ਦਾ ਕਾਰਣ ਬਣੇ। ਸੋ ਦੋਵਾਂ ਧਿਰਾਂ ਦੀ ਸਿਆਸੀ ਮਜ਼ਬੂਰੀ ਦਰਮਿਆਨ ਸਰੀ ਦੇ ਲੋਕਾਂ ਦੀ ਸੁਰੱਖਿਆ ਦੇ ਮਸਲੇ ਨਾਲ ਦੋ ਫੋਰਸਾਂ ਦੇ ਵੱਕਾਰ ਦਾ ਮਸਲਾ ਵੀ ਜੁੜਿਆ ਹੋਇਆ ਹੈ। ਸਿਆਸੀ ਮਜ਼ਬੂਰੀਆਂ, ਸੰਸਥਾਗਤ ਵੱਕਾਰ ਤੇ ਦੋਵਾਂ ਫੋਰਸਾਂ ਦੇ ਹੱਕ ਤੇ ਵਿਰੋਧ ਵਿਚ ਮੁਹਿੰਮ ਚਲਾਉਣ ਵਾਲੇ ਚੌਧਰੀਆਂ ਦੀ ਨਿੱਜੀ ਹਾਉਮੈਂ ਆਪਣੀ ਥਾਂ ਬਜਿਦ ਹੈ । ਉਂਜ ਲੋਕਾਂ ਦੀ ਸੁਰੱਖਿਆ ਦਾ ਮਸਲਾ, ਇਹ ਵੀ ਨਹੀ ਹੈ ਕਿ ਸੁਰੱਖਿਆ, ਕਿਸ ਫੋਰਸ ਦੇ ਹੱਥ ਵਿਚ ਹੋਵੇ...








# .ਗ਼ਜ਼ਲ ਮੰਚ ਸਰੀ ਵੱਲੋਂ ਪ੍ਰਸਿੱਧ ਗੀਤਕਾਰ ਵਿਜੇ ਧੰਮੀ ਅਤੇ ਪ੍ਰਭਜੋਤ ਸੋਹੀ ਨਾਲ ਰੂਬਰੂ

ਸਰੀ (ਹਰਦਮ ਮਾਨ)- ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬ ਤੋਂ ਆਏ ਪ੍ਰਸਿੱਧ ਗੀਤਕਾਰ ਵਿਜੇ ਧੰਮੀ ਅਤੇ ਪ੍ਰਭਜੋਤ ਸੋਹੀ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ। ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਮਹਿਮਾਨ ਸ਼ਾਇਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਗ਼ਜ਼ਲ ਮੰਚ ਲਈ ਬੜੇ ਖ਼ੁਸ਼ੀ ਦੇ ਪਲ ਹਨ ਕਿ ਆਪਣੇ ਗੀਤਾਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਮਹਿਕ ਦੇਸ਼ਾਂ, ਵਿਦੇਸ਼ਾਂ ਵਿਚ ਪ੍ਰਚਾਉਣ ਵਾਲੇ ਗੀਤਕਾਰ ਸਾਡੀ ਮਹਿਫ਼ਿਲ ਦਾ ਸ਼ਿੰਗਾਰ ਬਣੇ ਹਨ। ਉਪਰੰਤ ਆਪਣੀ ਲੇਖਣ ਕਲਾ ਅਤੇ ਅਨੁਭਵ ਸਾਂਝੇ ਕਰਦਿਆਂ ਵਿਜੇ ਧੰਮੀ ਨੇ ਦੱਸਿਆ ਕਿ ਉਸ ਨੇ ਆਪਣੀ ਸ਼ਾਇਰੀ ਦੀ ਸ਼ੁਰੂਆਤ ਗ਼ਜ਼ਲ ਰਚਨਾ ਤੋਂ ਕੀਤੀ ਅਤੇ ਉਸ ਦੀਆਂ ਗ਼ਜ਼ਲਾਂ ਪ੍ਰਮੁੱਖ ਰਸਾਲਿਆਂ ਵਿਚ ਛਪਦੀਆਂ ਵੀ ਰਹੀਆਂ। ਗੁਰਦਾਸ ਮਾਨ ਦੇ ਗੀਤਾਂ ਤੋਂ ਪ੍ਰਭਾਵਿਤ ਹੋ ਕੇ ਅਤੇ ਗੀਤਾਂ ਨੂੰ ਸਾਹਿਤਕ ਰੰਗ ਨਾਲ ਸ਼ਿੰਗਾਰਨ ਦੀ ਇੱਛਾ ਲੈ ਕੇ ਉਸ ਨੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ। ਹੰਸ ਰਾਜ ਵੱਲੋਂ ਗਾਏ ਉਸ ਦੇ ਗੀਤ 'ਲਾਲੀ ਨੈਣਾਂ ਦੀ ਰੜਕਦੀ ਛੱਡ ਗਏ ਸੁਪਨੇ ਸੰਧੂਰੀ ਰੰਗ ਦੇ' ਤੇ 'ਇਸ਼ਕੇ ਦੀ ਬਰਸਾਤ' ਅਤੇ ਹਰਭਜਨ ਮਾਨ ਦੀ ਆਵਾਜ਼ ਵਿਚ 'ਜੱਗ ਜਿਉਂਦਿਆਂ ਮੇਲੇ' ਗੀਤ ਦੀ ਮਕਬੂਲੀਅਤ ਨਾਲ ਉਸ ਨੂੰ ਬੜਾ ਉਤਸ਼ਾਹ ਮਿਲਿਆ। ਉਸ ਨੇ ਦੱਸਿਆ ਕਿ ਹੁਣ ਤੱਕ ਉਸ ਦੇ 350 ਤੋਂ ਵੱਧ ਗੀਤ ਰਿਕਾਰਡ ਹੋ ਚੁੱਕੇ ਹਨ ਜਿਨ੍ਹਾਂ ਨੂੰ ਚੋਟੀ ਦੇ ਪੰਜਾਬੀ ਗਾਇਕਾਂ ਨੇ ਆਪਣੇ ਸੁਰੀਲੇ ਸੁਰਾਂ ਰਾਹੀਂ ਪੇਸ਼ ਕੀਤਾ ਹੈ। ਉਸ ਨੇ ਕਿਹਾ ਕਿ ਹਮੇਸ਼ਾ ਏਹੀ ਕੋਸ਼ਿਸ਼ ਰਹੀ ਹੈ ਕਿ ਗੀਤ ਵਿੱਚੋਂ ਸਾਹਿਤਕ ਖ਼ੁਸ਼ਬੂ ਆਵੇ ਅਤੇ ਕਦੇ ਵੀ ਅਜਿਹੀ ਝਲਕ ਨਾ ਮਿਲੇ ਕਿ ਸ਼ਰਮਸ਼ਾਰ ਹੋਣਾ ਪਵੇ। ਇਸ ਮੌਕੇ ਉਸ ਨੇ ਆਪਣਾ ਇਕ ਗੀਤ ਅਤੇ ਦੋ ਗ਼ਜ਼ਲਾਂ ਤਰੰਨੁਮ ਵਿਚ ਪੇਸ਼ ਕੀਤੀਆਂ-

'ਗੁਆਚੇ ਵਕਤ ਦਾ ਅਹਿਸਾਸ ਹੈ ਮੈਂ ਸਿਰ ਝੁਕਾ ਲੈਨਾਂ  
ਬਣਾ ਕੇ ਮੋਰ ਕਾਗਜ਼ ਤੇ ਹੀ ਮੈਂ ਪੈਲਾਂ ਪੁਆ ਲੈਨਾਂ  
ਚੁਰਾ ਜੱਜੇ ਦੇ ਪੈਰਾਂ ਚੋਂ ਧਰਾਂ ਬਿੰਦੀ ਤੇਰੇ ਮੱਥੇ  
ਸਜ਼ਾ ਜੋ ਵੀ ਮਿਲੇ ਮੈਨੂੰ ਖਿੜੇ ਮੱਥੇ ਸਜਾ ਲੈਨਾਂ'

ਦੂਜੇ ਮਹਿਮਾਨ ਗੀਤਕਾਰ ਪ੍ਰਭਜੋਤ ਸੋਹੀ ਨੇ ਆਪਣੇ ਜੀਵਨ, ਰਚਨਾਤਮਿਕ ਕਾਰਜ ਅਤੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਛੋਟੇ ਹੁੰਦਿਆਂ ਹੀ ਸਕੂਲ ਵਿਚ ਬਾਲ ਸਭਾ ਤੋਂ ਗਾਉਣ ਦੀ ਚੇਟਕ ਲੱਗ ਗਈ ਸੀ, ਫਿਰ ਨਗਰ ਕੀਰਤਨਾਂ ਵਿਚ ਗਾਉਣਾ ਸ਼ੁਰੂ ਕਰ ਦਿੱਤਾ ਅਤੇ ਕਾਲਜ ਵਿਚ ਪੜ੍ਹਦਿਆਂ ਪ੍ਰੋ. ਨਰਿੰਜਨ ਤਸਨੀਮ, ਪ੍ਰੋ. ਬਾਵਾ ਸਿੰਘ, ਪ੍ਰੋ. ਕਾਲੀਆ ਤੋਂ ਮਿਲੀ ਯੋਗ ਅਗਵਾਈ ਸਦਕਾ ਕਵਿਤਾ ਲਿਖਣ ਵੱਲ ਰੁਚਿਤ ਹੋ ਗਿਆ। ਨਾਟਕਾਂ ਵਿਚ ਵੀ ਹਿੱਸਾ ਲਿਆ ਅਤੇ ਪੰਜਾਬ ਯੂਨੀਵਰਸਿਟੀ ਦਾ ਬੈਸਟ ਐਕਟਰ ਵੀ ਬਣਿਆਂ। ਫਿਰ ਸਾਹਿਤ ਸਭਾ ਜਗਰਾਓਂ ਨਾਲ ਜੁੜ ਕੇ ਪ੍ਰਸਿੱਧ ਸ਼ਾਇਰ ਸ਼ਾਕਿਰ ਪੁਰਸਾਰਥੀ, ਕੇਸਰ ਸਿੰਘ ਨੀਰ, ਅਜੀਤ ਪਿਆਸਾ ਤੋਂ ਬਹੁਤ ਕੁਝ ਸਿੱਖਿਆ। ਉਸ ਨੇ 'ਕਵਿਤਾ ਕੁੰਭ' ਦੀਆਂ ਸਰਗਰਮੀਆਂ ਅਤੇ ਆਪਣੀਆਂ ਪ੍ਰਕਾਸ਼ਿਤ ਤਿੰਨ ਪੁਸਤਕਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਕੁਝ ਕਾਵਿ ਰਚਨਾਵਾਂ 'ਪ੍ਰਭਜੋਤ ਸੋਹੀ ਨੂੰ ਮਿਲਦਿਆਂ', 'ਸਾਦੀ ਜਿਹੀ ਕਵਿਤਾ, ਕੁਝ ਸ਼ਿਅਰ ਤੇ ਗੀਤ ਸੁਣਾਏ-

'ਉਸ ਦੇ ਹਰ ਇਕ ਗੀਤ ਦੀ ਤੂੰ ਇਕਲੌਤੀ ਧੁਨ ਸੀ  
ਉਹ ਚੁੱਪ ਦੇ ਅਰਥ ਸੀ ਸਿਰਜਦਾ ਤੂੰ ਬੋਲਣ ਵਿਚ ਨਿਪੁੰਨ ਸੀ'

ਗ਼ਜ਼ਲ ਮੰਚ ਵੱਲੋਂ ਦੋਹਾਂ ਸ਼ਾਇਰਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਪ੍ਰਭਜੋਤ ਸੋਹੀ ਦੇ ਗੀਤਾਂ ਦੀ ਪੁਸਤਕ 'ਸੰਦਲੀ ਬਾਗ਼' ਰਿਲੀਜ਼ ਕੀਤੀ ਗਈ। ਇਸ ਪ੍ਰੋਗਰਾਮ ਵਿਚ ਨਾਮਵਰ ਸ਼ਾਇਰ ਅਤੇ ਮੰਚ ਦੇ ਪ੍ਰਧਾਨ ਜਸਵਿੰਦਰ, ਉਸਤਾਦ ਗ਼ਜ਼ਲਗੋ ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਦਵਿੰਦਰ ਗੌਤਮ, ਹਰਦਮ ਮਾਨ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਅਤੇ ਗੁਰਮੀਤ ਸਿੱਧੂ ਨੇ ਆਪੋ ਆਪਣਾ ਕਲਾਮ ਪੇਸ਼ ਕੀਤਾ।


Bless Travel
BLESS TRAVEL

DUBAI TOUR
Tour Date Nov 2-6, 2023



Start From $1250
Inclusions:
*Hotel Accomodation
*Hyatt Place Dubai Al Wasl
*Daily Meals
*Transfers * Guide

All Inclusive Tours & Travel Packages Around The world

Flights Direct to Delhi starting from 1400



*ਫਲਾਈਟ *ਕਰੂਜ਼
*ਗਰੁੱਪ ਟੂਰ *ਟਰੈਵਲ ਇੰਸ਼ੋਰੈਂਸ

9 ਦਿਨਾਂ ਦਾ ਪਾਕਿਸਤਾਨ ਗੁਰਦੁਆਰਾ ਟੂਰ



9 DAYS PAKISTAN GURUDWARA TOUR

Tour Date Nov 21-29, 2023

ਗੁਰਧਾਮਾਂ ਦੀ ਯਾਤਰਾ ਲਈ ਟੋਰਾਂਟੋ ਤੋਂ ਰਵਾਨਗੀ
ਪਹਿਲਾ ਦਿਨ- 10 ਵਜੇ ਸਵੇਰੇ ਵਾਗਾਹ ਬਾਰਡਰ ਤੋਂ ਪਾਕਿਸਤਾਨ ਨੂੰ ਰਵਾਨਗੀ
ਦੂਸਰਾ ਦਿਨ- ਗੁਰਦੁਆਰਾ ਰੋੜੀ ਸਾਹਿਬ, ਚੱਕੀ ਸਾਹਿਬ, ਲਾਲੋ ਦੇ ਖੂਹ।
ਤਿਸਰਾ ਦਿਨ- ਪੰਜਾ ਸਾਹਿਬ ਅਤੇ ਦੁਪਿਹਰ ਨੂੰ ਫੈਜ਼ਲ ਮਸਜਿਦ।
ਚੌਥਾ ਦਿਨ- ਸੱਚਾ ਸੌਦਾ ਅਤੇ ਨਨਕਾਣਾ ਸਾਹਿਬ ਤੋਂ ਬਾਅਦ ਗੁਰਦੁਆਰਾ ਖੇਰਾ ਸਾਹਿਬ, ਮਲਜੀ ਸਾਹਿਬ, ਪੰਜਮੀ ਅਤੇ ਛੇਵੀਂ ਪਾਤਸ਼ਾਹੀ ਪੱਟੀ ਸਾਹਿਬ, ਤੰਬੂ ਸਾਹਿਬ ਅਤੇ ਬਲੀਲਾ ਸਾਹਿਬ
ਪੰਜਵਾਂ ਦਿਨ- ਲਾਹੌਰ ਦੇ ਲੋਕਲ ਗੁਰਦੁਆਰੇ ਭਾਈ ਤਾਰੂ ਸਿੰਘ, ਜਨਮ ਸਥਾਨ ਗੁਰੂ ਅਮਰਦਾਸ ਜੀ, ਡੇਹਰਾ ਸਾਹਿਬ, ਲਾਹੌਰ ਕਿਲ੍ਹਾ।
ਛੇਵਾਂ ਦਿਨ- ਗੁਰਦੁਵਾਰਾ ਕਰਤਾਰਪੁਰ ਸਾਹਿਬ।
ਸੱਤਵਾਂ ਦਿਨ- ਪੂਰਾ ਦਿਨ ਨਨਕਾਣਾ ਸਾਹਿਬ।
ਅੱਠਵਾਂ ਦਿਨ- ਗੁਰਦੁਵਾਰਾ ਬੀਬੀ ਨਾਨਕੀ ਅਤੇ ਸ਼ਰਾਇਨ ਆਫ ਮੀਆਂ ਮੀਰ ਟੌਬ
ਨੌਵਾਂ ਦਿਨ- ਵਾਗਾਹ ਬਾਰਡਰ ਨੂੰ ਵਾਪਸੀ



We are offering LOYALTY PROGRAM, whoever book with us We offer points, which they can use for there future trips

(SERVICE IN ENGLISH, HINDI & PUNJABI)
604-503-5210
Add:#343-8140-128St, Surrey
(Payal Business centre)
For Tour Information:
Email:rav@blesstravel.ca

# ਟਰੈਕਟਰ-ਟਰਾਲੀ ਭਾਖੜਾ 'ਚ ਡਿੱਗਣ ਕਾਰਨ 3 ਔਰਤਾਂ ਰੁੜੀਆਂ, ਡਰਾਈਵਰ ਤੇ 5 ਔਰਤਾਂ ਨੂੰ ਬਚਾਇਆ



ਖਨੌਰੀ-ਸ਼ਹਿਰ ਦੇ ਵਿੱਚੋਂ ਗੁਜ਼ਰਦੀ ਭਾਖੜਾ ਨਹਿਰ ਵਿਚ ਪਿੰਡ ਖੋਖਰ ਵਿੱਚ ਟਰੈਕਟਰ-ਟਰਾਲੀ ਡਿੱਗਣ ਕਾਰਨ ਤਿੰਨ ਔਰਤਾਂ ਪਾਣੀ ਦੇ ਤੇਜ਼ ਵਹਾਅ ਵਿਚ ਰੁੜ ਗਈਆਂ, ਜਦ ਕਿ ਟਰੈਕਟਰ ਡਰਾਈਵਰ ਸਮੇਤ ਕੁੱਝ ਔਰਤਾਂ ਨੂੰ ਬਚਾਅ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਟਰੈਕਟਰ ਟਰਾਲੀ ਚਾਲਕ 10 ਔਰਤਾਂ ਨਾਲ ਝੋਨੇ ਦੀ ਪਨੀਰੀ ਲੈ ਕੇ ਭਾਖੜਾ ਦੀ ਪਟੜੀ 'ਤੇ ਜਾ ਰਿਹਾ ਸੀ। ਕੁੱਝ ਦੂਰੀ 'ਤੇ ਜਾ ਕੇ ਮੋੜ 'ਤੇ ਚਾਲਕ ਦਾ ਟਰੈਕਟਰ ਤੋਂ ਸੰਤੁਲਨ ਵਿਗੜ ਗਿਆ ਅਤੇ ਟਰੈਕਟਰ-ਟਰਾਲੀ ਭਾਖੜਾ ਵਿੱਚ ਡਿੱਗ ਗਈ। ਇਸ ਦੌਰਾਨ 2 ਔਰਤਾਂ ਤਾਂ ਪਹਿਲਾਂ ਬਾਹਰ ਛਾਲ ਮਾਰ ਗਈਆਂ, ਜਦਕਿ 8 ਔਰਤਾਂ ਅਤੇ ਡਰਾਈਵਰ ਨਹਿਰ ਵਿੱਚ ਡਿੱਗੇ ਗਏ। ਰੌਲਾ ਪੈਣ ਕਾਰਨ 5 ਔਰਤਾਂ ਅਤੇ ਟਰੈਕਟਰ ਦੇ ਡਰਾਈਵਰ ਨੂੰ ਤਾਂ ਬਚਾਆ ਲਿਆ ਪਰ 3 ਔਰਤਾਂ ਪਾਣੀ ਦੇ ਤੇਜ਼ ਵਹਾਅ ਵਿਚ ਵਹਿ ਗਈਆਂ। ਹਲਕਾ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਨੇ ਥਾਣਾ ਮੁਖੀ ਸੌਰਵ ਸੱਭਰਵਾਲ ਨੂੰ ਮੌਕੇ 'ਤੇ ਪਹੁੰਚ ਕੇ ਤੁਰੰਤ ਹਰ ਮਦਦ ਕਰਨ ਲਈ ਕਿਹਾ। ਥਾਣਾ ਮੁਖੀ ਖਨੌਰੀ ਪੁਲੀਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਤੇ ਬਚਾਅ ਕਾਰਜਾਂ ਵਿਚ ਜੁਟ ਗਏ। ਭਾਖੜਾ ਦੇ ਤੇਜ਼ ਬਹਾਅ ਵਿੱਚ ਰੁੜੀਆਂ ਮਹਿਲਾਵਾਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਗਈਆਂ ਹਨ।

# ਟਾਈਟਨ ਸਬਮਰਸੀਬਲ 'ਚ ਹੋਇਆ ਧਮਾਕਾ ਪੰਜ ਵਿਅਕਤੀਆਂ ਦੀ ਹੋਈ ਮੌਤ

ਵਾਸ਼ਿੰਗਟਨ-ਪੰਜ ਵਿਅਕਤੀਆਂ ਨੂੰ ਲਿਜਾ ਰਹੀ ਨਿੱਕੀ ਸਬਮਰੀਨ (ਸਬਮਰਸੀਬਲ) ਵਿੱਚ ਟਾਇਟੈਨਿਕ ਦੇ ਮਲਬੇ ਕੋਲ ਧਮਾਕਾ ਹੋ ਗਿਆ ਤੇ ਇਸ ਵਿੱਚ ਸਵਾਰ ਸਾਰੇ ਵਿਅਕਤੀ ਮਾਰੇ ਗਏ। ਇਹ ਜਾਣਕਾਰੀ ਵੀਰਵਾਰ ਨੂੰ ਅਧਿਕਾਰੀਆਂ ਨੇ ਦਿੱਤੀ। ਇਸ ਸਬਮਰਸੀਬਲ ਦਾ ਸੰਪਰਕ ਬਾਹਰੀ ਦੁਨੀਆਂ ਨਾਲੋਂ ਟੁੱਟ ਗਿਆ ਸੀ ਤੇ ਇਸ ਦੀ ਕਈ ਦਿਨਾਂ ਤੋਂ ਭਾਲ ਕੀਤੀ ਜਾ ਰਹੀ ਸੀ। ਨਿਊਜ਼ ਕਾਨਫਰੰਸ ਦੌਰਾਨ ਕੋਸਟ ਗਾਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਟਾਈਟਨ (ਸਬਮਰਸੀਬਲ) ਦੇ ਕ੍ਰਿਊ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਹਾਦਸੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਇਹ ਸਬਮਰਸੀਬਲ ਐਤਵਾਰ ਤੋਂ ਹੀ ਲਾਪਤਾ ਸੀ। ਇਸ ਸਬਮਰਸੀਬਲ ਵਿੱਚ ਸਵਾਰ ਪੰਜ ਅਮਲਾ ਮੈਂਬਰਾਂ ਦੇ ਜਿਊਂਦੇ ਬਚਣ ਦੀ ਉਮੀਦ ਵੀਰਵਾਰ ਸਵੇਰੇ ਉਸ ਸਮੇਂ ਮੁੱਕ ਗਈ ਜਦੋਂ ਸਬਮਰਸੀਬਲ ਦੀ 96 ਘੰਟਿਆਂ ਦੀ ਆਕਸੀਜ਼ਨ ਸਪਲਾਈ ਖ਼ਤਮ ਹੋਣ ਤੱਕ ਵੀ ਇਸ ਦਾ ਕੋਈ ਪਤਾ ਨਹੀਂ ਲੱਗਿਆ। ਕੋਸਟ ਗਾਰਡ ਨੇ ਐਲਾਨ ਕੀਤਾ ਕਿ ਇਸ ਸਬਮਰਸੀਬਲ ਦਾ ਮਲਬਾ ਉੱਤਰੀ ਐਟਲਾਂਟਿਕ ਦੇ ਪਾਣੀਆਂ ਵਿੱਚ ਟਾਈਟੈਨਿਕ ਤੋਂ 1600 ਫੁੱਟ ਦੀ ਦੂਰੀ ਉੱਤੇ ਪਾਇਆ ਗਿਆ। ਫਰਸਟ ਕੋਸਟ ਗਾਰਡ ਡਿਸਟ੍ਰਿਕਟ ਦੇ ਰੀਅਰ ਐਡਮਿਰਲ ਜੌਹਨ ਮੌਗਰ ਨੇ ਦੱਸਿਆ ਕਿ ਆਖਰੀ ਪਲਾਂ ਵਿੱਚ ਸਬਮਰਸੀਬਲ ਵਿੱਚ ਧਮਾਕਾ ਹੋਇਆ ਤੇ ਇਸ ਦਾ ਮਲਬਾ ਚਾਰੇ ਪਾਸੇ ਫੈਲ ਗਿਆ। ਇਸ



ਸਬਮਰਸੀਬਲ ਦੀ ਮਾਲਕ ਤੇ ਇਸ ਨੂੰ ਆਪਰੇਟ ਕਰਨ ਵਾਲੀ ਕੰਪਨੀ ਓਸ਼ਨਗੇਟ ਐਕਸਪੈਡਿਸ਼ਨਜ਼ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਸ ਹਾਦਸੇ ਵਿੱਚ ਕੰਪਨੀ ਦੇ ਸੀਈਓ ਤੇ ਪਾਇਲਟ ਸਟੌਕਟਨ ਰਸ਼ ਦੀ ਵੀ ਮੌਤ ਹੋ ਗਈ।ਇਸ ਵਿੱਚ ਮਸ਼ਹੂਰ ਪਾਕਿਸਤਾਨੀ ਪਰਿਵਾਰ ਦੇ ਦੋ ਮੈਂਬਰ ਸ਼ਹਿਜ਼ਾਦਾ ਦਾਊਦ ਤੇ ਉਨ੍ਹਾਂ ਦਾ ਬੇਟਾ ਸੁਲੇਮਾਨ ਦਾਊਦ ਵੀ ਸਵਾਰ ਸਨ। ਇਨ੍ਹਾਂ ਤੋਂ ਇਲਾਵਾ ਬ੍ਰਿਟਿਸ਼ ਐਡਵੈਂਚਰਰ ਹਮੀਸ਼ ਹਾਰਡਿੰਗ ਤੇ ਟਾਈਟੈਨਿਕ ਮਾਹਿਰ ਪਾਲ ਹੈਨਰੀ ਨਾਰਜੀਓਲੇ ਵੀ ਸਵਾਰ ਸਨ। ਕੰਪਨੀ ਵੱਲੋਂ ਸਾਰਿਆਂ ਦੀ ਮੌਤ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਕੇਂਦਰ ਹੁਣ ਪੰਜਾਬ ਨੂੰ ਆਪਣੇ ਪੂਲ ਵਿਚੋਂ ਬਿਜਲੀ ਦੇਣ ਤੋਂ ਇਨਕਾਰੀ

ਚੰਡੀਗੜ੍ਹ-ਕੇਂਦਰ ਸਰਕਾਰ ਨੇ ਪੰਜਾਬ ਨੂੰ ਕੇਂਦਰੀ ਪੂਲ ਵਿਚੋਂ ਇੱਕ ਹਜ਼ਾਰ ਮੈਗਾਵਾਟ ਬਿਜਲੀ ਦੇਣ ਤੋਂ ਚੁੱਪ ਵੱਟ ਲਈ ਹੈ ਪਰ ਪਾਵਰਕੌਮ ਨੇ ਇਸ ਦੇ ਟਾਕਰੇ ਲਈ ਬਦਲਵੇਂ ਵਸੀਲੇ ਵਰਤਣੇ ਸ਼ੁਰੂ ਕਰ ਦਿੱਤੇ ਹਨ। ਕੇਂਦਰ ਨੇ ਹਾਲਾਂਕਿ ਪਿਛਲੇ ਵਰ੍ਹੇ ਕੇਂਦਰੀ ਪੂਲ ਵਿਚੋਂ ਝੋਨੇ ਦੇ ਸੀਜ਼ਨ ਵਿਚ 1500 ਮੈਗਾਵਾਟ ਬਿਜਲੀ ਮੱਧ ਜੂਨ ਤੋਂ ਦੇਣੀ ਸ਼ੁਰੂ ਕਰ ਦਿੱਤੀ ਸੀ। ਐਤਕੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਊਰਜਾ ਮੰਤਰਾਲੇ ਨੂੰ ਪੱਤਰ ਲਿਖ ਕੇ ਝੋਨੇ ਦੇ ਸੀਜ਼ਨ ਮੌਕੇ 1500 ਮੈਗਾਵਾਟ ਬਿਜਲੀ ਦੀ ਮੰਗ ਕੀਤੀ ਸੀ ਪਰ ਕੇਂਦਰ ਨੇ ਹਾਲੇ ਤੱਕ ਇਸ ਬਾਰੇ ਕੋਈ ਹੁੰਗਾਰਾ ਨਹੀਂ ਭਰਿਆ ਹੈ। ਇਸ ਵੇਲੇ ਪੰਜਾਬ ਦੇ ਖੇਤੀ ਸੈਕਟਰ ਵਿਚ ਬਿਜਲੀ ਦੀ ਮੰਗ ਦਾ ਅੰਕੜਾ 15 ਹਜ਼ਾਰ ਮੈਗਾਵਾਟ ਨੂੰ ਪਾਰ ਕਰ ਗਿਆ ਹੈ। ਸਮੁੱਚੇ ਪੰਜਾਬ 'ਚ ਝੋਨੇ ਦੀ ਲੁਆਈ ਸ਼ੁਰੂ ਹੋ ਗਈ ਹੈ ਅਤੇ ਬਿਜਲੀ ਦੀ ਮੰਗ 'ਚ ਇਕਦਮ ਵਾਧਾ ਪੰਜਾਬ ਸਰਕਾਰ ਲਈ ਪ੍ਰੀਖਿਆ ਵਾਂਗ ਹੈ। ਪਾਵਰਕੌਮ ਨੇ ਪੰਜਾਬ ਦੇ 6777 ਖੇਤੀ ਫੀਡਰਾਂ ਤੋਂ ਖੇਤੀ ਸੈਕਟਰ ਨੂੰ ਅੱਠ ਘੰਟੇ ਬਿਜਲੀ ਸਪਲਾਈ ਦੇਣ ਵਾਸਤੇ ਸਾਰੇ ਵਸੀਲੇ ਵਰਤ ਲਏ ਹੈ। ਪਾਵਰਕੌਮ ਨੇ ਸਰਦੀਆਂ ਵਿੱਚ ਉਧਾਰ ਬਿਜਲੀ ਦਿੱਤੀ ਸੀ ਜਿਸ ਦੀ ਵਾਪਸੀ ਹੁਣ ਲਈ ਜਾ ਰਹੀ ਹੈ। ਸੂਬੇ ਵਿਚ ਅੱਜ ਬਿਜਲੀ ਦੀ ਮੰਗ 15054 ਮੈਗਾਵਾਟ ਹੋ ਗਈ ਹੈ ਜੋ 15 ਜੂਨ ਨੂੰ ਕਰੀਬ 9



ਹਜ਼ਾਰ ਮੈਗਾਵਾਟ ਸੀ। ਪੰਜਾਬ ਨੂੰ ਚਾਰ ਜ਼ੋਨਾਂ ਵਿੱਚ ਵੰਡ ਕੇ ਝੋਨੇ ਦੀ ਲੁਆਈ ਸ਼ੁਰੂ ਕੀਤੀ ਗਈ ਸੀ ਅਤੇ ਆਖ਼ਰੀ ਜ਼ੋਨ ਵਿਚ 21 ਜੂਨ ਨੂੰ ਲੁਆਈ ਸ਼ੁਰੂ ਹੋਈ ਹੈ। ਪਾਵਰਕੌਮ ਵੱਲੋਂ ਦਿਨ ਵੇਲੇ ਐਕਸਚੇਂਜ ਵਿਚੋਂ ਸੂਰਜੀ ਊਰਜਾ ਵਾਲੀ ਬਿਜਲੀ ਖ਼ਰੀਦੀ ਜਾ ਰਹੀ ਹੈ ਜੋ ਸਸਤੀ ਵੀ ਪੈਂਦੀ ਹੈ। ਇਸ ਵੇਲੇ ਪੰਜਾਬ ਦੇ ਸਾਰੇ ਤਾਪ ਬਿਜਲੀ ਘਰ ਚੱਲ ਰਹੇ ਹਨ। ਪ੍ਰਾਈਵੇਟ ਤਾਪ ਬਿਜਲੀ ਘਰਾਂ ਤੋਂ ਕਰੀਬ 3650 ਮੈਗਾਵਾਟ ਬਿਜਲੀ ਮਿਲ ਰਹੀ ਹੈ। ਪਾਵਰਕੌਮ ਨੂੰ ਆਪਣੇ ਵਸੀਲਿਆਂ ਤੋਂ 6500 ਮੈਗਾਵਾਟ ਬਿਜਲੀ ਮਿਲ ਰਹੀ ਹੈ ਅਤੇ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਬੈਂਕਿੰਗ ਵਿਚੋਂ ਮਿਲ ਰਹੀ ਹੈ ਜੋ ਪਾਵਰਕੌਮ ਨੇ ਪਹਿਲਾਂ ਉਧਾਰ ਦਿੱਤੀ ਹੋਈ ਸੀ। ਕੇਂਦਰੀ ਪ੍ਰਾਜੈਕਟਾਂ ਵਿਚੋਂ ਹਿੱਸੇ ਵਜੋਂ 4800 ਮੈਗਾਵਾਟ ਬਿਜਲੀ ਪ੍ਰਾਪਤ ਹੋ ਰਹੀ ਹੈ। ਇਸੇ ਤਰ੍ਹਾਂ ਪਾਵਰਕੌਮ ਵੱਲੋਂ ਰੋਜ਼ਾਨਾ ਇੱਕ ਹਜ਼ਾਰ ਮੈਗਾਵਾਟ ਬਿਜਲੀ ਐਕਸਚੇਂਜ ਵਿਚੋਂ ਔਸਤਨ ਪ੍ਰਤੀ ਯੂਨਿਟ 5.50 ਰੁਪਏ ਦੇ ਭਾਅ 'ਤੇ ਖ਼ਰੀਦ ਵੀ ਕੀਤੀ ਜਾ ਰਹੀ ਹੈ। ਟਰਾਂਸਕੋ ਨੇ ਦਾਅਵਾ ਕੀਤਾ ਸੀ ਕਿ ਐਤਕੀ ਟਰਾਂਸਮਿਸ਼ਨ ਸਮਰੱਥਾ 9500 ਮੈਗਾਵਾਟ ਦੀ ਕਰ ਦਿੱਤੀ ਜਾਵੇਗੀ ਪ੍ਰੰਤੂ ਇਹ 9000 ਮੈਗਾਵਾਟ ਸਮਰੱਥਾ ਦੀ ਹੀ ਹੋ ਸਕੀ ਹੈ। ਜੇ ਬਿਜਲੀ ਦੀ ਮੰਗ ਵਿਚ ਹੋਰ ਅਣਕਿਆਸਿਆ ਵਾਧਾ ਹੁੰਦਾ ਹੈ ਤਾਂ ਸਮੱਸਿਆ ਵਧ ਸਕਦੀ ਹੈ।

# ਲੁਟੇਰਿਆਂ ਵੱਲੋਂ 80 ਸਾਲਾ ਬਜ਼ੁਰਗ ਦੀ ਹੱਤਿਆ ਟਰੈਕਟਰ-ਟਰਾਲੀ ਲੈ ਕੇ ਹੋਏ ਫਰਾਰ

ਅਬੋਹਰ-ਇਥੋਂ ਦੇ ਸੀਡ ਫਾਰਮ ਕੱਚਾ ਵਿੱਚ ਲੁਟੇਰਿਆਂ ਨੇ 80 ਸਾਲਾ ਵਿਅਕਤੀ ਦਾ ਕਤਲ ਕਰ ਦਿੱਤਾ ਅਤੇ ਟਰੈਕਟਰ-ਟਰਾਲੀ ਲੈ ਕੇ ਫਰਾਰ ਹੋ ਗਏ। ਇਹ ਘਟਨਾ ਬੀਤੀ ਰਾਤ ਇਕ ਵਜੇ ਦੇ ਕਰੀਬ ਵਾਪਰੀ। ਬਜ਼ੁਰਗ ਦੀ ਲਾਸ਼ ਖੇਤ ਵਿੱਚ ਮੰਜੇ ਨਾਲ ਬੰਨ੍ਹੀ ਹੋਈ ਮਿਲੀ। ਪੁਲੀਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਕਰਤਾਰ ਸਿੰਘ ਵਜੋਂ ਹੋਈ ਹੈ ਜੋ 25 ਸਾਲਾਂ ਤੋਂ ਸੀਡ ਫਾਰਮ ਕੱਚਾ ਵਿਚ ਖੇਤੀਬਾੜੀ ਕਰਦਾ ਸੀ। ਵਾਰਦਾਤ ਵੇਲੇ ਕਰਤਾਰ ਸਿੰਘ ਆਪਣੇ ਖੇਤ ਵਿੱਚ ਇਕੱਲਾ ਹੀ ਸੁੱਤਾ ਪਿਆ ਸੀ। ਦੱਸਿਆ ਜਾ ਰਿਹਾ ਹੈ ਕਿ ਹੋਰ ਕਿਸਾਨ ਆਪਣਾ ਟਰੈਕਟਰ ਟਰਾਲੀ ਉੱਥੇ ਹੀ ਛੱਡ ਗਏ ਸਨ ਜਿਨ੍ਹਾਂ 'ਤੇ ਉਸ ਨੇ ਅੱਜ ਸਵੇਰੇ ਪੱਠੇ ਵੱਢ ਕੇ ਸ਼ਹਿਰ ਜਾਣਾ ਸੀ। ਜਦੋਂ ਦੂਜੇ ਕਿਸਾਨ ਸਵੇਰੇ ਖੇਤ ਵਿੱਚ ਆਏ ਤਾਂ ਕਰਤਾਰ ਸਿੰਘ ਮ੍ਰਿਤਕ ਹਾਲਤ ਵਿਚ ਮਿਲਿਆ।

OASIS WINDOWS INC.
OASIS WINDOWS
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
Superior Mortgage
Unit 244-8138-128 Street, Surrey
604 507 1000
Our Symbol of Care & Service


MORE EXPOSURE
MEANS MORE BUSINESS
NO NEED TO GO ANYWHERE
Advertise with us!
LINK
Leading Indo-Canadian Newspaper
Ph: 604.591.5160
www.thelinkpaper.ca • ads@thelinkpaper.ca

## ਕਵਿਤਾ ਦੇ ਲਾਂਘੇ ਲਈ ਕੰਨ ਪਤਲੇ ਹੋਣੇ ਚਾਹੀਦੇ ਤਾਂ ਹੀ ਕਵਿਤਾ ਦਾ ਖੜਾਕ ਸੁਣਦਾ

# ਭੁਪਿੰਦਰਪ੍ਰੀਤ ਦੀ ਕਿਤਾਬ 'ਏਕਾਂਤ ਨੂੰ ਹੋਰ ਨਾ ਤਰਾਸ਼' ਦੇ ਬਹਾਨੇ ਕਵਿਤਾ ਜਸ਼ਨ

ਅੰਮ੍ਰਿਤਸਰ-ਹੁਣੇ ਹੁਣੇ ਭੁਪਿੰਦਰਪਰੀਤ ਦੀ ਨਵੀਂ ਕਿਰਤ ਆਈ ਹੈ ਜਿਸ ਦੇ ਜਸ਼ਨ ਚ ਉਸ ਦੇ ਘਰ ਹੀ ਕੁਝ ਦੋਸਤ ਇੱਕਠੇ ਹੋਏ ਕਵਿਤਾ ਨਾਲ ਗੱਲਾਂ ਕਰਨ ਲਈ ...ਗੁਰਪਰੀਤ ਨੇ ਕਵਿਤਾ ਨੂੰ ਮਹਿਸੂਸ ਕਰਨ ਦੀ ਗੱਲ ਕਰਦਿਆਂ ਕਿਹਾ ਕਿ ਸਾਡੇ ਅੰਦਰ ਬਾਹਰ ਕਵਿਤਾ ਹੈ ਸਾਡੇ ਮਿਲਣ ਦੇ ਅੰਦਾਜ਼ ਆਪਣੇ ਆਪਣੇ ...ਡਾ ਅੰਬਰੀਸ਼ ਕਵਿਤਾ ਦੀ ਅਗਰਬੱਤੀ ਨੂੰ ਆਪਣੇ ਪੋਟੋ ਦੀ ਅੱਗ ਛੁਹਾਂਉਦਿਆਂ ਕਿਹਾ ਕਿ ਭੁਪਿੰਦਰ ਨੇ ਦੇਵ ...ਸਤੀ ...ਹਰਨਾਮ ...ਮਿੰਦਰ ਦੀ ਕਾਵਿ ਭਾਸ਼ਾ ਨੂੰ ਅੱਗੇ ਤੋਰਿਆ ਹੈ ਪਰਵੇਸ਼ ਤੇ ਆਸੀ ਦੀ ਕਾਵਿ ਭਾਸ਼ਾ ਚ ਵੀ ਭੁਪਿੰਦਰ ਦੀ ਰੀਤ ਨੂੰ ਵੇਖਿਆ ਜਾ ਸਕਦਾ ਹੈ ....ਮਿੰਦਰ ਦਾ ਕਹਿਣਾ ਸੀ ਕਿ ਸ਼ਾਇਰ ਨੇ ਆਪਣੀ ਕਵਿਤਾ ਰਾਹੀਂ ਏਕਾਂਤ ਦੇ ਅਰਥਾਂ ਨੂੰ ਨਵੇਂ ਅਰਥਾਂ ਚ ਪਰਭਾਸ਼ਿਤ ਕੀਤਾ ਹੈ ... ਸ਼ਬਦਾਂ ਦੇ ਬਲ ਰਹੇ ਹਵਨ ਚ ਸਵਰਨਜੀਤ ਸਵੀ ਨੇ ਆਪਣੇ ਮੱਥੇ ਦੀ ਤਿਊੜੀ ਰੱਖਦਿਆਂ ਕਿਹਾ ਕਿ ਭੁਪਿੰਦਰ ਕੋਲ ਨਵਾਂ ਮੁਹਾਦਰਾਂ ਹੈ ਕਵਿਤਾ ਦਾ ਉਸ ਦੀ ਕਵਿਤਾ ਕੋਲ ਰਾਜਨੀਤਕ ਸੂਝ ਵੀ ਜਿਸ ਨੂੰ ਉਹ ਸਭ ਤੋਂ ਵੱਖਰੇ ਤੇ ਗਹਿਰੇ ਅਰਥਾਂ ਨਾਲ ਕਹਿੰਦਾਂ ...ਸ਼ਿਵਦੀਪ ਨੇ ਆਪਣੀ ਅੱਖ ਨੂੰ ਹਵਨ 'ਤੇ ਰੱਖਦਿਆ ਕਹਿਣਾ ਸ਼ੁਰੂ ਕੀਤਾ ਕਿ ਕਵਿਤਾ ਦਾ ਹੋਣਾ ...ਇਜ ਹੀ ਹੁੰਦਾਂ ਹੈ ...ਭੁਪਿੰਦਰਪਰੀਤ ਪੰਜਾਂਬੀ ਕਵਿਤਾ ਦੇ ਬਹਾਨੇ ਨਵੀਂ ਕਾਵਿ ਭਾਸ਼ਾ ਲੈ ਕੇ ਆਇਆ ਹੈ ....ਪਰਦੀਪ ਮਲੋਟ ਨੇ ਕਿਹਾ ਕਿ ਭੁਪਿੰਦਰ ਦੀ ਕਵਿਤਾ ਪੜਦਿਆਂ ਇਹ ਮਹਿਸੂਸ ਹੁੰਦਾਂ ਹੈ ਕਿ ਜੋ ਸ਼ਾਇਰ ਕਹਿ ਰਿਹਾ ਹੈ ਅਸੀਂ ਉਸ ਨੂੰ ਫਿਲਮ ਵਾਂਗ ਵੇਖ ਵੀ ਰਹੇ ਹੁੰਦੇਂ ਹਾਂ .....ਨਾਦ ਪਰਕਾਸ਼ ਵਾਲੇ ਜਗਦੀਸ਼ ਹੁਰਾਂ ਨਾਦ ਨੂੰ ਪਰੀਤ ਦੀ ਕਵਿਤਾ ਚ ਰੱਖਦਿਆਂ ਕਿਹਾ ਕਿ ਭੁਪਿੰਦਰ ਨੇ ਇਹ ਕਵਿਤਾ ਲਿਖ ਕੇ ਇਕ ਕਾਲ ਦੀ ਸਿਰਜਣਾ ਕੀਤੀ ਹੈ ...ਬਿਪਨ ਪਰੀਤ ਨੇ ਇਕ ਮੁਸਕਰਾਹਟ ਨਾਲ ਆਪਣੀ ਸੰਵੇਦਨਾਂ ਨੂੰ ਪੇਸ਼ ਕੀਤਾ .... ਹਵਨ ਦੀਆਂ ਲਾਟਾਂ ਨਾਲ ਨਾਦ ਮਘ ਰਿਹਾ ਸੀ ...ਸੁਖਦੇਵ ਮਲੋਟ ...ਜਸਵਿੰਦਰ ਸੀਰਤ ..ਮਿਸਜ ਅੰਬਰੀਸ਼ ਨੇ ਵੀ ਏਕਾਂਤ ਨੂੰ ਜੀਅ ਆਇਆਂ ਕਿਹਾ ...ਆਰਟਿਸਟ ਮਨੂ ਦਾ ਕਹਿਣਾ ਸੀ ਕਿ ਭੁਪਿੰਦਰ ਦੀ ਕਵਿਤਾ ਦਰਿਸ਼ ਪੇਸ਼ ਕਰਦੀ ਹੈ ...ਸੰਦੀਪ ਨੇ ਭੁਪਿੰਦਰ ਦੇ ਕਵਿਤਾ ਸੰਸਾਂਰ ਦੀ ਗੱਲ ਕੀਤੀ ..ਅਨੀਤਾ ਤੇ ਹਰਦੀਪ ਗਿੱਲ ਨੇ ਵੀ ਕਵਿਤਾ ਜਸ਼ਨ ਚ ਹਾਜਰੀ ਲਵਾਈ .... ਭੁਪਿੰਦਰ ਦੇ ਪਿਤਾ ਜੀ ਨੇ ਕਵਿਤਾ ਹਵਨ ਦੀ ਗਵਾਈ ਆਪਣੀ ਚੁੱਪ ਨਾਲ ਭਰੀ ... ਮੈਂ ਵੀ ਕਿਹਾ ਕਿ ਕਵਿਤਾ ਦਾ ਖੜਾਕ ਸੁਨਣਾ ਚਾਹੀਦਾ ਹੈ ਦੇਰ ਰਾਤ ਤੱਕ ਮੰਤਰਾਂ ਦਾ ਜਾਪ ਹੁੰਦਾਂ ਰਿਹਾ ਇਹ ਕਿਤਾਬ ਆਟਮ ਆਰਟ ਨੇ ਬੁਹਤ ਹੀ ਰੀਝ ਨਾਲ ਛਾਪੀ ਹੈ



## ਆਸਿਫ ਸ਼ਾਹਕਾਰ ਦੀ ਕਵਿਤਾ

### ਇਕ ਕਹਾਣੀ

ਉਹ ਬੰਦਾ
ਨ ਚਿੱਟਾ ਨਾ ਕਾਲਾ
ਉਹ ਆਪਣੇ ਦੇਸ ਦੀਆਂ
ਬੇ-ਓੜਕ ਕੰਡਿਆਲੀਆ ਵਾੜਾਂ
ਤੋਂ ਬਾਗ਼ੀ ਹੋ ਗਿਆ
ਤੇ ਹੁਣ ਉਹਦੇ ਅੱਗੇ, ਦੋ ਰਾਹ ਸਨ
ਇਕ ਰਾਹ ਫਾਂਸੀ ਵੱਲ ਜਾਂਦਾ
ਦੂਜਾ ਦੇਸ਼-ਨਿਕਾਲਾ
ਓਸ ਦੂਜਾ ਰਾਹ ਚੁਣਿਆ
ਤੇ ਮੁੜ ਉਹ ਸਫ਼ਰੀਂ ਪੈ ਗਿਆ
ਤੇ ਓਸ ਦੇਸ ਆਇਆ
ਜਿਥੋਂ ਦੀਆਂ ਕਹਾਣੀਆਂ
ਸਾਰੇ ਜਗ ਵਿਚ ਮਸ਼ਹੂਰ
ਪਈ ਏਥੇ ਨ ਫਾਂਸੀ ਨ ਕੰਡਿਆਲੀਆਂ ਵਾੜਾਂ
ਏਸ ਬੰਦੇ ਨੂੰ ਏਸ ਦੇਸ ਵਿਚ ਇਕ ਔਰਤ ਮਿਲੀ
ਤੇ ਏਸ ਬੰਦੇ ਦੇ ਜ਼ਿਹਨ ਵਿਚ
ਉਹਦੇ ਦੇਸ ਦੀ ਔਰਤ ਦੀਆਂ
ਤਸਵੀਰਾਂ ਉਘੜ ਆਈਆਂ
ਮੱਝ-ਗਾਂ, ਬੇਜ਼ਬਾਨ, ਗ਼ੁਲਾਮ, ਪਾਦਰੀ
ਤੇ ਏਸ ਦੇਸ ਦੀ ਇਹ ਔਰਤ
ਬਿਜਲੀ ਦਾ ਇਕ ਚੰਗਿਆੜਾ, ਕਰੰਟ
ਤੇ ਏਸ ਔਰਤ, ਏਸ ਬੰਦੇ ਦੀ ਮਰਦਾਈ ਦੀ
ਸਾਰੀ ਆਕੜ ਘੁਰਲ ਕੇ ਰੱਖ ਦਿੱਤੀ
ਏਸ ਬੰਦੇ ਦੀ ਇਕ ਪੁਰਾਣੀ ਖ਼ਾਹਿਸ਼ ਵੀ ਸੀ
ਪਈ ਕੋਈ ਔਰਤ
ਉਹਦੇ ਸਾਮ੍ਹਣੇ ਬਰਛਾ ਲੈ ਖਲੋਵ
ਇਹ ਬੰਦਾ ਇਸ ਔਰਤ ਦੀ
ਮਿਕਨਾਤੀਸੀਅਤ ਦਾ ਕਦੀ ਹੋ ਗਿਆ
ਤੇ ਏਸ ਔਰਤ ਏਸ ਬੰਦੇ ਨੂੰ
ਇਕ ਜਿਨਸੀ ਆਲਾ ਬਣਾ ਲਿਆ
ਤੇ ਏਸ ਆਲੇ ਨੂੰ
ਥੱਕਣ, ਮੁੱਕਣ ਤੇ ਖਰਾਬ ਹੋਣ ਦੀ
ਇਜਾਜਤ ਨਹੀਂ ਸੀ
ਪਰ ਇਕ ਦਿਨ ਇਹ ਬੰਦਾ
ਵਾਕਈ ਥੱਕ ਗਿਆ
ਤੇ ਇਹ ਔਰਤ ਗੁੱਸੇ ਨਾਲ
ਇੰਜ ਪਾਗਲ ਹੋ ਗਈ
ਜਿਵੇਂ ਕੋਈ ਜਾਬਰ ਹਾਕਮ
ਕਿਸੇ ਗ਼ੁਲਾਮ ਦੀ ਹੁਕਮ-ਅਦੂਲੀ
ਤੇ ਹੋਂਦਾ ਏ
ਤੇ ਆਖਣ ਲੱਗੀ-
"ਤੇਰੀ ਇਹ ਜੁਰਅਤ
ਤੂੰ ਮੇਰੇ ਟੈਕਸ ਤੋਂ ਪਲਦਾ ਏਂ!"
• • •


NAIYA GILL
PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੋਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਯਾਦਾਂ ਦੇ ਸੰਦੂਕ

ਨੇਚਰਦੀਪ ਕਾਹਲੋਂ

ਯਾਦਾਂ ਬੜੀ ਕਮਾਲ ਦੀ ਸ਼ੈਅ ਹੁੰਦੀਆਂ ਨੇ। ਇਨਸਾਨ ਪਲਾਂ ਵਿੱਚ ਉਹਨਾਂ ਵਿਚ ਗੁਆਚ ਜਾਂਦਾ ਏ। ਹੁਣ ਆਧੁਨਿਕਤਾ ਦਾ ਯੁੱਗ ਹੈ।

ਜਦੋਂ ਬੱਚਿਆਂ ਨੂੰ ਕਦੇ ਆਪਣੇ ਬਚਪਨ ਦੀਆਂ ਗੱਲਾਂ ਕਹਾਵਤਾਂ ਮਿੱਥ ਸੁਣਾਵਾਂ ਉਹਨਾਂ ਦੇ ਮੰਨਣ ਵਿੱਚ ਨਹੀਂ ਆਉਂਦੀਆਂ ਮੇਰੀਆਂ ਉਹ ਗੱਲਾਂ। ਇਹ ਕਿਉਂ ਹੁੰਦਾ ਸੀ? ਇਹ ਕਿਵੇਂ ਹੋ ਸਕਦਾ? ਇਸ ਦਾ ਕਾਰਨ ਦੱਸ ਆਦਿ ਸਵਾਲਾਂ ਨਾਲ ਮੈਨੂੰ ਹਮੇਸ਼ਾ ਲਾਜਵਾਬ ਕਰਦੇ ਨੇ।

ਅਸੀਂ ਵੀ ਜਦੋਂ ਬੱਚੇ ਸਾਂ ਬਹੁਤ ਗੱਲਾਂ ਸਾਨੂੰ ਵੀ ਉਦੋਂ ਹੈਰਾਨ ਕਰਦੀਆਂ ਸਨ ਜੋ ਲੋਕਾਂ ਦੇ ਕਾਰ ਵਿਹਾਰ ਵਿੱਚ ਆਮ ਪ੍ਰਚਲਿਤ ਸਨ ਪਰ ਅਸੀਂ ਸੱਚ ਚਾਰ ਮੰਨਦੇ



ਸਾਂ ਜਾਂ ਉਦੋਂ ਬਹੁਤੇ ਸਵਾਲ ਜਵਾਬ ਕਰਨ ਦਾ ਰਿਵਾਜ ਨਹੀਂ ਸੀ। ਜਦੋਂ ਕਦੇ ਰੋਟੀ ਖਾਂਦੀ ਦੀ ਜੀਭ ਹੇਠਾਂ ਜੁਬਾਨ ਆ ਜਾਣੀ, ਸਾਡੀ ਕੰਮਵਾਲ਼ੀ ਨੇ ਆਪਣਾ ਗੁੱਡੀ ਜਰੂਰ ਤੈਨੂੰ ਕੋਈ ਚੰਗਾ ਮਾੜਾ ਆਖਦੇ ਹੋਣਾ, ਤੇਰੀਆਂ ਗੱਲਾਂ ਕਰਦਾ ਹੋਣਾ। ਕੰਨਾਂ 'ਚੋਂ ਸੇਕ ਨਿਕਲਣਾ ਜਾਂ ਮੂੰਹ ਦਾ ਲਾਲ ਹੋਣਾ ਭਾਵ ਕੋਈ ਚੁਗਲੀ ਨਿੰਦਿਆ ਕਰਦਾ ਤੁਹਾਡੀ। ਅਸੀਂ ਮਨ ਜਾਣਾ। ਏਦਾਂ ਹੀ ਹੁੰਦਾ ਹੋਵੇਗਾ। ਜਦੋਂ ਕਾਂ ਬਨੇਰੇ ਬੋਲਣਾ ਇਹ ਅਲਾਰਮ ਹੋਣਾ ਪ੍ਰਾਹੁਣਿਆਂ ਦੇ ਦੇ ਦੇਂਦੇ ਸਨ। ਆਉਣ ਦਾ ਤੇ ਫਿਰ ਵੀਰ, ਭੈਣ ਜਾਂ ਭੂਆ ਨੇ ਆ ਜਾਣਾ ਹੁੰਦਾ ਸੀ। ਕਾਂ ਉਦੋਂ ਫ਼ੋਨ ਦਾ ਕੰਮ ਕਰਦੇ ਸਨ ਸ਼ਾਇਦ ਅਗਾਹੋਂ ਹੀ ਸੂਚਨਾ ਮਾਂ ਨੇ ਉਸ ਦਿਨ ਕੋਈ ਮਿੱਠਾ ਜਾਂ ਖੀਰ ਪਹਿਲਾਂ ਹੀ ਧਰ ਲੈਣੀ। ਚੰਗੇਰਾਂ ਭਰੀਆਂ ਰਹਿੰਦੀਆਂ ਸਨ ਗਿਣਤੀ ਦਾ ਪ੍ਰਚਲਣ ਨਹੀਂ ਸੀ। ਉਦੋਂ ਸੱਜਰਾ ਭੁੰਨਿਆ ਜਾਂਦਾ ਆਟਾ, ਸੱਜਰੀ ਰੋਟੀ ਲੱਥਦੀ। ਸੂਰਜ ਦੇ ਢਲਣ ਤਕ ਸਭ ਰੋਟੀ ਪਾਣੀ ਖਾ ਖਵਾ ਵਿਹਲੇ ਹੋ ਜੁੱਲੀਆਂ 'ਚ ਜਾ ਵੜਦੇ ਸਨ। ਛੇਤੀਂ ਸੌਣਾ ਛੇਤੀ ਉੱਠਣਾ ਦਾ ਪ੍ਰਚਲਨ ਸੀ। ਖੇਡਦਿਆਂ ਜਦੋਂ ਕਦੇ ਚੱਪਲ ਨੂੰ ਪੈਰ ਵੱਜ ਪੁੱਠੀ ਹੋ ਜਾਣੀ ਫਟਾਫਟ ਫੜ ਸਿੱਧੀ ਕਰਨੀ ਏਦਾਂ ਮੰਨਣਾ ਜੇ ਚੱਪਲ ਪੁੱਠੀ ਹੋਈ ਤਾਂ ਘਰੇ ਕਲੇਸ਼ ਹੋਵੇਗਾ। ਜੁੱਤੀ 'ਤੇ ਜੁੱਤੀ ਚੜ੍ਹੀ ਹੋਣ ਦਾ ਮਤਲਬ ਕਿਤੇ ਸਫ਼ਰ ਦੀ ਤਿਆਰੀ ਹੋਣੀ ਏ ਹੁਣ।

ਮੰਜੀ ਕਦੇ ਪੁੱਠੀ ਹੋ ਡਿੱਗ ਪੈਣੀ ਅਪਸ਼ਗਨ ਸਮਝਿਆ ਜਾਂਦਾ ਸੀ। ਮੰਜੀ ਦੀ ਪੈਂਦ ਗੇਟ ਵੱਲ ਨੂੰ ਕਰ ਕੇ ਮੰਜੀ ਡਾਹੀ ਜਾਂਦੀ। ਘਰ ਵੱਲ ਕਦੇ ਪੈਂਦ ਨਾ ਕਰਦੇ। ਸੁੱਤੇ ਦੇ ਉੱਪਰੋਂ ਨਹੀਂ ਸੀ ਟੱਪਣ ਦੇਂਦੇ ਆਖਣਾ ਕੱਦ ਛੋਟਾ ਰਹਿ ਜਾਂਦਾ। ਅਚਾਨਕ ਜਗਦਾ ਬਲਬ ਫਿਊਜ ਹੋ ਜਾਣਾ ਜਾਂ ਤੇਲ ਦਾ ਬਲਦਾ ਦੀਵਾ ਬੁੱਝ ਜਾਣਾ ਤਾਂ ਇਹ ਅਪਸ਼ਗਨ ਮੰਨਿਆ ਜਾਂਦਾ ਸੀ। ਬਹੁਕਰ ਕਦੀ ਵੀ ਸਿੱਧੀ ਉਤਾਂਹ ਨੂੰ ਨਹੀਂ ਰੱਖਦੇ ਸਨ। ਕੈਂਚੀ ਨਹੀਂ ਸੀ ਖੜਕਾਉਂਦੇ। ਪ੍ਰੋ ਜ਼ਰੂਰੀ ਕੰਮ ਜਾਂਦੇ ਹੋਏ ਜੇ ਗੇਟੋਂ ਬਾਹਰ ਕੋਈ ਖ਼ਾਲੀ ਹੱਥ ਜਾਂ ਖ਼ਾਲੀ ਟੋਕਰੀ ਭਾਂਡੇ ਵਾਲ਼ਾ ਮਿਲ ਪਵੇ ਤਾਂ ਮਾੜਾ ਮੰਨਿਆ ਜਾਂਦਾ ਸੀ। ਘਰੋਂ ਨਿਕਲਣ ਲੱਗਿਆਂ ਪਿਛਾਂਹ ਨਹੀਂ ਸੀ ਵੇਖਿਆ ਜਾਂਦਾ ਆਖਣਾ ਸਿੱਧਾ ਜਾਣਾ ਏ, ਮੁੜਣਾ ਨਹੀਂ। ਘਰ ਵਿੱਚ ਬਣਾਈ ਕੋਈ ਵੀ ਚੀਜ਼ ਪਹਿਲਾਂ ਜੇਠੇ ਬੱਚੇ ਨੂੰ ਭਾਵ ਘਰ ਦੇ ਵੱਡੇ ਨਿਆਣੇ ਨੂੰ ਖੁਆਈ ਜਾਂਦੀ ਸੀ। ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਜੇ ਛਿੱਕ ਆ ਜਾਣੀ ਬੁਰਾ ਮੰਨਿਆ ਜਾਂਦਾ ਸੀ। ਲਾਲ ਮਿਰਚਾਂ ਵਾਰਨ ਨਾਲ ਨਜ਼ਰ ਨਹੀਂ ਸੀ ਲੱਗਦੀ। ਜੇ



ਜੁਆਕ ਦੁੱਧ ਨਾ ਪੀਂਦਾ ਤਾਂ ਦੁੱਧ ਵਿੱਚ ਲੋਹੇ ਦੀ ਸਲਾਖ ਗਰਮ ਕਰਕੇ ਪਾਈ ਜਾਂਦੀ ਤੇ ਸ਼ਰਰ ਸ਼ਰਰ ਦੀ ਆਵਾਜ਼ ਜਿਨੀ ਉੱਚੀ ਆਉਂਦੀ ਨਜ਼ਰ ਲਥੀ ਸਮਝੀ ਜਾਂਦੀ। ਕਾਲੀ ਬਿੱਲੀ ਦਾ ਰਸਤਾ ਕੱਟਣ ਨਾਲ਼ ਕੰਮ ਸਿਰੇ ਨਹੀਂ ਚੜ੍ਹਨਾ ਮੰਨ ਲਿਆ ਜਾਂਦਾ। ਕਾਲ਼ਾ ਟਿੱਕਾ ਲਾਉਣ ਨਾਲ ਨਜ਼ਰ ਨਹੀਂ ਸੀ ਲੱਗਦੀ। ਸੁਪਨੇ ਵਿੱਚ ਆਪਣੀ ਮੌਤ ਵੇਖਣ ਨਾਲ਼ ਉਮਰ ਲੰਮੀ ਹੁੰਦੀ ਏ ਏਦਾਂ ਸਮਝਿਆ ਜਾਂਦਾ ਸੀ। ਕੁੱਤੇ ਦਾ ਰੋਣਾ ਅਣਹੋਣੀ ਦਾ ਸੂਚਕ ਮੰਨਿਆ ਜਾਂਦਾ ਸੀ। ਦੁੱਧ ਉਬਲਣਾ, ਸੀਸ਼ਾ ਟੁੱਟਣਾ ਮਾੜਾ ਮੰਨਿਆ ਜਾਂਦਾ ਸੀ। ਰੁਕੀ ਘੜੀ ਘਰ ਵਿੱਚ ਨਹੀਂ ਸੀ ਰੱਖੀ ਜਾਂਦੀ। ਬਿਜਲੀ ਦੇ ਖ਼ਰਾਬ ਸਮਾਨ ਘਰ ਵਿੱਚ ਰੱਖਣ ਨਾਲ਼ ਤਰੱਕੀ ਰੁਕ ਜਾਂਦੀ ਏ ਏਦਾਂ ਮੰਨਦੇ ਸਨ।

ਬਿੱਲੀਆਂ ਅੱਖਾਂ ਵਾਲ਼ੇ ਨੂੰ ਚਲਾਕ ਮੰਨਿਆ ਜਾਂਦਾ ਸੀ। ਰਾਤ ਨੂੰ ਨੀਂਹ ਨਹੀਂ ਸਨ ਕੱਟਣ ਦੇਂਦੇ। ਆਖਣਾ ਬੁੱਧ ਸ਼ਨੀਚਰ ਕੱਪੜਾ ਰਹਿਣਾ ਐਤਵਾਰ। ਭਾਵ ਨਵਾਂ ਕੱਪੜਾ ਤੇ ਗਹਿਣੇ ਇਸ ਦਿਨ ਨੂੰ ਲੈਣੇ ਤੇ ਪਾਉਣੇ ਸ਼ੁਭ ਮੰਨੇ ਜਾਂਦੇ ਸਨ। ਬੁੱਧਵਾਰ ਨੂੰ ਸ਼ੁਭ ਮੰਨਿਆ ਜਾਂਦਾ ਸੀ। ਆਖਣਾ ਬੁੱਧ ਕੰਮ ਸ਼ੁੱਧ ਮੰਗਲਵਾਰ ਤੇ ਵੀਰਵਾਰ ਨੂੰ ਵਾਲ ਨਾ ਹੋਣ ਦੇਣੇ। ਮੰਨਿਆਂ ਜਾਂਦਾ ਸੀ ਮੰਗਲਵਾਰ ਸਿਰ ਧੋਣ ਨਾਲ਼ ਘਰਵਾਲ਼ੇ ਸਿਰ ਭਾਰ ਚੜ੍ਹਦਾ। ਕਹਿਣਾ ਵੀਰਵਾਰ ਤਾਂ ਪੀਰਾਂ ਦਾ ਦਿਨ ਹੁੰਦਾ। ਇਸ ਦਿਨ ਤਾਂ ਜਾਨਵਰ ਵੀ ਸਿਰ ਗਿੱਲਾ ਨਹੀਂ ਕਰਦੇ। ਘਰ ਅੱਗੇ ਨਜ਼ਰਬੱਟੂ ਲਗਾਉਣੇ। ਰਾਤ ਨੂੰ ਬੌਹਕਰ ਮਾਰਨੀ ਬੁਰੀ ਮੰਨੀ ਜਾਂਦੀ ਸੀ। ਦੂਜੇ ਪਿੰਡੋਂ ਕਾਰਡ ਦੇਣ ਜਾਂ ਸੱਦਾ ਦੇਣ ਆਏ ਨੂੰ ਰੋਟੀ ਨਾਲ਼ ਘਿਓ ਤੇ ਸ਼ੱਕਰ ਮਿਲਾ ਕੇ ਦਿੱਤੀ ਜਾਂਦੀ ਇਸ ਤੋਂ ਘਰ ਦੀ ਖ਼ੁਸ਼ਹਾਲੀ ਦਾ ਪਤਾ ਲੱਗਦਾ ਸੀ ਫਿਰ ਉਸ ਨੂੰ ਕਰਾਇਆ ਦੇ ਕੇ ਵਾਪਸ ਭੇਜਿਆ ਜਾਂਦਾ ਸੀ। ਦਿਨ ਵਾਰ 'ਤੇ ਗੁਰੂਦੁਆਰਾ ਸਾਹਿਬ ਹੱਥੀਂ ਲੰਗਰ ਬਣਾ ਕੇ ਭੇਜਿਆ ਜਾਂਦਾ ਸੀ। ਲੋਹੜੀ 'ਤੇ ਸਾਗ ਖਿਚੜੀ ਤੇ ਗੰਨੇ ਦੇ ਰਸ ਦੀ ਖੀਰ ਬਣਾਈ ਜਾਂਦੀ ਤੇ ਅਗਲੇ ਦਿਨ ਮਾਘੀ 'ਤੇ ਬੇਹੀ ਕਰਕੇ ਖਾਧੀ ਜਾਂਦੀ ਸੀ। ਪਿੱਛੋਂ ਆਵਾਜ਼ ਦੇਣੀ ਬੁਰਾ ਮੰਨਿਆ ਜਾਂਦਾ ਸੀ।

ਘਰੋਂ ਜਾਣ ਤੋਂ ਪਹਿਲਾਂ ਤੇ ਇਮਤਿਹਾਨ ਵਾਲ਼ੇ ਦਿਨ ਦਹੀ ਜਾਂ ਖੀਰ ਖਵਾ ਕੇ ਭੇਜਣਾ ਸ਼ੁਭ ਮੰਨਿਆ ਜਾਂਦਾ ਸੀ। ਔਰਤਾਂ ਸਵੇਰੇ ਚੌਂਕਾ ਚੁੱਲਾ ਸਾਫ਼ ਕਰਕੇ ਰਸੋਈ ਵਿੱਚ ਵੜਦੀਆਂ ਸਨ। ਰਾਤ ਜੂਠੇ ਭਾਂਡੇ ਨਹੀਂ ਸਨ ਰੱਖਣ ਦੇਂਦੇ। ਪਰਾਤ ਰਾਤ ਨੂੰ ਨਹੀਂ ਸੀ ਧੋਤੀ ਜਾਂਦੀ ਇਸ ਤਰ੍ਹਾਂ ਮੰਨਿਆ ਜਾਂਦਾ ਸੀ ਕਿ ਪਰਾਤ ਧੋਣ 'ਤੇ ਜਵਾਈ ਲੜਾਕਾ ਜੁੜਦਾ ਏ। ਸਵੇਰੇ ਤੜਕੇ ਜਾਂ ਮੂੰਹ ਹਨੇਰੇ ਘਰ ਦੀ ਸਰਦਲ ਧੋਤੀ ਜਾਂਦੀ ਸੀ ਫਿਰ ਕੋਈ ਬਾਹਰ ਜਾ ਸਕਦਾ ਸੀ। ਗੇਟ ਦੇ ਅੰਦਰ ਬਾਹਰ ਧੂਫ ਜਾਂ ਗੁੱਗਲ ਧੁਖਾਈ ਜਾਂਦੀ ਸੀ। ਸਵੇਰੇ ਤੜਕੇ ਗੁਰੂ ਘਰ ਮੰਦਰ ਹਰ ਪਰਿਵਾਰ ਆਉਂਦਾ ਸੀ ਤੇ ਅਪਣੀ ਸਮਰੱਥਾ ਅਨੁਸਾਰ ਆਟਾ ਦਾਲ ਚੜ੍ਹਾਉਂਦਾ ਸੀ।

ਨਵ ਜੰਮੇ ਬੱਚੇ ਤੇ ਮਾਂ ਦੇ ਹੱਥ ਤੇ ਸੇਤੀ ਸਰੋਂ ਬੰਨ੍ਹੀ ਜਾਂਦੀ ਸੀ ਬਦ ਬਲਾਵਾਂ ਦੂਰ ਰੱਖਣ ਲਈ, ਉਹਨਾਂ ਦੇ ਸਿਰਹਾਣੇ ਲੋਹੇ ਦੀ ਕੋਈ ਚੀਜ਼, ਮਾਚਿਸ ਦੀ ਡੱਬੀ ਵੀ ਓਪਰੀ ਸ਼ੈਅ ਤੋਂ ਦੂਰ ਰੱਖਣ ਲਈ ਰੱਖੀ ਜਾਂਦੀ ਸੀ। ਦੁਪਹਿਰੇ ਸੁੰਨੇ ਰਾਹਾਂ ਤੋਂ ਜਵਾਨ ਧੀ ਪੁੱਤ ਨੂੰ ਜਾਣ ਤੋਂ ਵਰਜਿਆ ਜਾਂਦਾ ਸੀ। ਨੌਵੇਂ ਦਿਨ ਘਰ ਵਾਪਸ ਮੁੜਣਾ ਮਾੜਾ ਮੰਨਿਆ ਜਾਂਦਾ ਜਾਂ ਅੱਠਵੇਂ ਦਿਨ ਆਉਣਾ ਜਾਂ

> ਬਿੱਲੀਆਂ ਅੱਖਾਂ ਵਾਲ਼ੇ ਨੂੰ ਚਲਾਕ ਮੰਨਿਆ ਜਾਂਦਾ ਸੀ। ਰਾਤ ਨੂੰ ਨੀਂਹ ਨਹੀਂ ਸਨ ਕੱਟਣ ਦੇਂਦੇ। ਆਖਣਾ ਬੁੱਧ ਸ਼ਨੀਚਰ ਕੱਪੜਾ ਰਹਿਣਾ ਐਤਵਾਰ। ਭਾਵ ਨਵਾਂ ਕੱਪੜਾ ਤੇ ਗਹਿਣੇ ਇਸ ਦਿਨ ਨੂੰ ਲੈਣੇ ਤੇ ਪਾਉਣੇ ਸ਼ੁਭ ਮੰਨੇ ਜਾਂਦੇ ਸਨ। ਬੁੱਧਵਾਰ ਨੂੰ ਸ਼ੁਭ ਮੰਨਿਆ ਜਾਂਦਾ ਸੀ। ਆਖਣਾ ਬੁੱਧ ਕੰਮ ਸ਼ੁੱਧ ਮੰਗਲਵਾਰ ਤੇ ਵੀਰਵਾਰ ਨੂੰ ਵਾਲ ਨਾ ਹੋਣ ਦੇਣੇ। ਮੰਨਿਆਂ ਜਾਂਦਾ ਸੀ ਮੰਗਲਵਾਰ ਸਿਰ ਧੋਣ ਨਾਲ਼ ਘਰਵਾਲ਼ੇ ਸਿਰ ਭਾਰ ਚੜ੍ਹਦਾ। ਕਹਿਣਾ ਵੀਰਵਾਰ ਤਾਂ ਪੀਰਾਂ ਦਾ ਦਿਨ ਹੁੰਦਾ। ਇਸ ਦਿਨ ਤਾਂ ਜਾਨਵਰ ਵੀ ਸਿਰ ਗਿੱਲਾ ਨਹੀਂ ਕਰਦੇ।

ਦਸਵੇਂ ਦਿਨ। ਧੀ ਨੂੰ ਖ਼ਾਲੀ ਨਹੀਂ ਸੀ ਤੋਰਿਆ ਜਾਂਦਾ। ਦੀਵਾਲੀ 'ਤੇ ਬਾਕੀ ਥਾਵਾਂ ਤੋਂ ਇਲਾਵਾ ਨਲਕੇ ਲਾਗੇ ਮੋਟਰ ਲਾਗੇ ਪੀਰਾਂ ਦੀਆਂ ਦਰਗਾਹਾਂ 'ਤੇ ਸ਼ਮਸ਼ਾਨਘਾਟ, ਵਡੇਰਿਆਂ ਦੀਆਂ ਜਗ੍ਹਾ 'ਤੇ ਦੀਵੇ ਜ਼ਰੂਰ ਬਾਲੇ ਜਾਂਦੇ ਸੀ। ਭੁੱਖੇ ਨੂੰ ਮੰਗਤੇ ਨੂੰ ਰੋਟੀ ਖਵਾਉਣਾ ਪੁੰਨ ਸਮਝਿਆ ਜਾਂਦਾ ਸੀ। ਕੂਕਰ ਨੂੰ ਹਰ ਘਰ ਰੋਟੀ ਜ਼ਰੂਰ ਪਾਉਂਦਾ ਸੀ। ਇੱਕ ਘਰ ਤੰਦੂਰ ਹੁੰਦਾ ਤੇ ਕਈ ਕਈ ਘਰ ਰੋਟੀਆਂ ਬਣਾ ਲੈਂਦੇ। ਕੀੜਿਆਂ ਦੇ ਭੌਣ 'ਤੇ ਸ਼ਤਨਾਜਾ ਪਾਉਂਦੇ ਸਨ, ਏਦਾਂ ਆਖਣਾ ਇਹ ਵੀ ਭਰੇ ਢਿੱਡ ਰਹਿਣ 'ਤੇ ਸਾਡੇ ਕੋਠੇ ਵੀ ਦਾਣੇਂ ਭਰੇ ਰਹਿਣ।

ਸੌਣ 'ਚ ਕੜੀ ਤੇ ਜੇਠ 'ਚ ਵੜੀ ਚੰਗੇ ਨਹੀਂ ਸਨ ਮੰਨੇ ਜਾਂਦੇ ਸਿਹਤ ਲਈ। ਔਰਤਾਂ ਵਰਜਦੀਆਂ ਸਨ ਬਣਾਉਣ ਤੋਂ। ਇਹੋ ਜਿਹੀਆਂ ਬੜੀਆਂ ਗੱਲਾਂ ਅਸੀਂ ਸੱਚ ਕਰ ਮੰਨਦੇ ਸਾਂ ਪਰ ਹੁਣ ਉਹ ਗੱਲਾਂ ਨਹੀਂ ਰਹੀਆਂ। ਬੱਸ ਇਹ ਗੱਲਾਂ ਵੀ ਯਾਦਾਂ ਦੇ ਸੰਦੂਕ ਦਾ ਹਿੱਸਾ ਬਣ ਗਈਆਂ ਨੇ।

SUNNY SANGHA • PERSONAL REAL ESTATE CORPORATION

**14317 31A AVENUE, SURREY**





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com

# ‘ਮੌੜ’ ਦੀ ਸਫਲਤਾ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹੈ ਐਮੀ ਵਿਰਕ



ਜਲੰਧਰ-ਬੀਤੇ ਦਿਨੀਂ ਰਿਲੀਜ਼ ਹੋਈ ਪੰਜਾਬੀ ਫ਼ਿਲਮ ‘ਮੌੜ’ ਨੇ ਰਿਕਾਰਡ ਕਮਾਈ ਕੀਤੀ ਹੈ ਤੇ ਫ਼ਿਲਮ ਦੀ ਸਫ਼ਲਤਾ ਨੂੰ ਲੈ ਕੇ ਐਮੀ ਵਿਰਕ ਕਾਫ਼ੀ ਉਤਸ਼ਾਹਿਤ ਹੈ। 9 ਜੂਨ ਨੂੰ ਰਿਲੀਜ਼ ਹੋਈ ‘ਮੌੜ’ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਣ ’ਚ ਬੇਹੱਦ ਕਾਮਯਾਬ ਰਹੀ। ਰਿਲੀਜ ਹੋਣ ਦੇ ਪਹਿਲੇ ਦੋ ਦਿਨਾਂ ’ਚ ਹੀ ਫ਼ਿਲਮ ਨੇ 4 ਕਰੋੜ 58 ਲੱਖ ਰੁਪਏ ਦੀ ਕਮਾਈ ਕਰ ਲਈ ਸੀ। ਫ਼ਿਲਮ ਨੂੰ ਮਿਲ ਰਹੇ ਪਿਆਰ ਨੂੰ ਦੇਖਦਿਆਂ ਐਮੀ ਵਿਰਕ ਨੇ ਇਕ ਖ਼ਾਸ ਸੁਨੇਹਾ ਆਪਣੇ ਚਾਹੁਣ ਵਾਲਿਆਂ ਲਈ ਸਾਂਝਾ ਕੀਤਾ ਹੈ। ਐਮੀ ਆਪਣੇ ਇਸ ਸੁਨੇਹੇ ‘ਚ ਲਿਖਦੇ ਹਨ, “ਮੇਰੇ ਕੋਲ ਸੱਚ ‘ਚ ਸ਼ਬਦ ਨਹੀਂ ਹਨ, ਜਿਨ੍ਹਾਂ ਨਾਲ ਤੁਹਾਡਾ ਧੰਨਵਾਦ ਕਰ ਸਕਾਂ। ਬਹੁਤ ਵੱਡੇ-ਵੱਡੇ ਸੁਨੇਹੇ ਆ ਰਹੇ ਹਨ ਪਿਆਰ ਕਰਨ ਵਾਲਿਆਂ ਦੇ ਕਿ ਫ਼ਿਲਮ ਬਹੁਤ ਸੋਹਣੀ ਹੈ। ਮਾਪੇ ਆਪਣੇ ਬੱਚਿਆਂ ਨੂੰ ਵੀ ਦਿਖਾ ਰਹੇ ਹਨ। ਮੇਰੀਆਂ ਮਾਵਾਂ ਤੇ ਭੈਣਾਂ ਵੀ ਜਾ ਰਹੀਆਂ ਹਨ। ਮੈਂ ਬਹੁਤ ਬਹੁਤ ਧੰਨਵਾਦ ਕਰਦਾ ਤੁਹਾਡਾ ਸਾਰਿਆਂ ਦਾ।“ ਦੱਸ ਦੇਈਏ ਕਿ ਫ਼ਿਲਮ ਨੂੰ ਜਤਿੰਦਰ ਮੌਹਰ ਨੇ ਲਿਖਿਆ ਤੇ ਡਾਇਰੈਕਟ ਕੀਤਾ ਹੈ। ਇਸ ਦੇ ਡਾਇਲਾਗਸ ਜਤਿੰਦਰ ਲਾਲ ਨੇ ਲਿਖੇ ਹਨ। ਇਸ ਫ਼ਿਲਮ ਨੂੰ ਜਤਿਨ ਸੇਠੀ ਤੇ ਕਾਰਜ ਗਿੱਲ ਵਲੋਂ ਪ੍ਰੋਡਿਊਸ ਕੀਤਾ ਗਿਆ ਹੈ। ਫ਼ਿਲਮ ‘ਚ ਐਮੀ ਵਿਰਕ, ਦੇਵ ਖਰੌੜ, ਨਾਇਕਰਾ ਕੌਰ, ਕੁਲਜਿੰਦਰ ਸਿੱਧੂ, ਵਿਕਰਮਜੀਤ ਵਿਰਕ, ਅਮੀਕ ਵਿਰਕ, ਪਰਮਵੀਰ ਸਿੰਘ, ਜਰਨੈਲ ਸਿੰਘ, ਮਾਰਕ ਰੰਧਾਵਾ ਤੇ ਰਿਚਾ ਭੱਟ ਅਹਿਮ ਕਿਰਦਾਰ ਨਿਭਾਅ ਰਹੇ ਹਨ।





# ‘ਕੈਰੀ ਆਨ ਜੱਟਾ-3’ ਪਹਿਲੀਆਂ ਨਾਲੋਂ ਹੋਰ ਵੀ ਵਧੇਰੇ ਕਰੇਗੀ ਦਰਸ਼ਕਾਂ ਦਾ ਮਨੋਰੰਜਨ



ਜਲੰਧਰ-29 ਜੂਨ ਨੂੰ ਦੁਨੀਆ ਭਰ ’ਚ ਰਿਲੀਜ਼ ਹੋਣ ਜਾ ਰਹੀ ਪੰਜਾਬੀ ਫ਼ਿਲਮ ‘ਕੈਰੀ ਆਨ ਜੱਟਾ 3’ ਨੂੰ ਲੈ ਕੇ ਫ਼ਿਲਮੀ ਦੇ ਮੁੱਖ ਅਦਾਕਾਰ ਗਿੱਪੀ ਗਰੇਵਾਲ ਤੇ ਸੋਨਮ ਬਾਜਵਾ ਵਧੇਰੇ ਉਤਸ਼ਾਹਿਤ ਹਨ। ਗਿੱਪੀ ਗਰੇਵਾਲ ਦਾ ਕਹਿਣਾ ਹੈ ਕਿ ਇਸ ਫ਼ਿਲਮ ’ਚ ਪਹਿਲੀਆਂ ਦੋ ਨਾਲੋਂ ਜ਼ਿਆਦਾ ਹਾਸਾ ਹੈ, ਜੋ ਤੁਹਾਨੂੰ ਲੋਟ-ਪੋਟ ਕਰ ਦੇਵੇਗੀ। ਉਨ੍ਹਾਂ ਕਿਹਾ ਕਿ ਫ਼ਿਲਮ ’ਚ ਇਕ ਮਿੰਟ ਵੀ ਤੁਸੀਂ ਬੋਰ ਨਹੀਂ ਹੋਵੋਗੇ। ਫ਼ਿਲਮ ਨੂੰ ਗਿੱਪੀ ਗਰੇਵਾਲ ਤੇ ਰਵਨੀਤ ਕੌਰ ਗਰੇਵਾਲ ਨੇ ਪ੍ਰੋਡਿਊਸ ਕੀਤਾ ਹੈ। ਫ਼ਿਲਮ ਨੂੰ ਸਮੀਪ ਕੰਗ ਵਲੋਂ ਡਾਇਰੈਕਟ ਕੀਤਾ ਗਿਆ ਹੈ, ਜੋ ਇਸ ਦੇ ਪਹਿਲੇ ਦੋ ਪਾਰਟਸ ਵੀ ਡਾਇਰੈਕਟ ਕਰ ਚੁੱਕੇ ਹਨ। ਇਸ ਫ਼ਿਲਮ ਦੀ ਕਹਾਣੀ ਵੈਭਵ ਸੁਮਨ ਤੇ ਸ਼ਰਿਆ ਸ੍ਰੀਵਾਸਤਵ ਨੇ ਲਿਖੀ ਹੈ, ਜਦਕਿ ਡਾਇਲਾਗਸ ਨਰੇਸ਼ ਕਥੂਰੀਆ ਦੇ ਲਿਖੇ ਹੋਏ ਹਨ। ਇੱਥੇ ਦੱਸਣਯੋਗ ਹੈ ਕਿ ‘ਕੈਰੀ ਆਨ ਜੱਟਾ’ 2012 ’ਚ ਰਿਲੀਜ਼ ਹੋਈ ਹੈ, ਜਦਕਿ ‘ਕੈਰੀ ਆਨ ਜੱਟਾ 2’ 6 ਸਾਲਾਂ ਬਾਅਦ 2018 ’ਚ ਰਿਲੀਜ਼ ਹੋਈ। ਹੁਣ ‘ਕੈਰੀ ਆਨ ਜੱਟਾ 3’ 5 ਸਾਲਾਂ ਬਾਅਦ ਰਿਲੀਜ਼ ਹੋਣ ਜਾ ਰਹੀ ਹੈ। ਫ਼ਿਲਮ ਦੇ ਹੀਰੋ ਗਿੱਪੀ ਗਰੇਵਾਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਇਸ ਫ਼ਿਲਮ ਦੇ ਅਗਲੇ ਭਾਗ ਲਿਆਉਣ ’ਚ ਜ਼ਿਆਦਾ ਸਮਾਂ ਨਾ ਲਗਾਇਆ ਜਾਵੇ।



# ਬਰਤਾਨਵੀ ਸੰਸਦ ਵੱਲੋਂ ਕਰਨ ਜੌਹਰ ਦਾ ਸਨਮਾਨ

ਲੰਡਨ-ਆਲਮੀ ਪੱਧਰ 'ਤੇ ਮਨੋਰੰਜਨ ਜਗਤ ਵਿੱਚ ਪਾਏ ਯੋਗਦਾਨ ਬਦਲੇ ਨਿਰਦੇਸ਼ਕ ਕਰਨ ਜੌਹਰ ਦਾ ਬਰਤਾਨਵੀ ਸੰਸਦ ਵੱਲੋਂ ਸਨਮਾਨ ਕੀਤਾ ਗਿਆ। ਇਸੇ ਸਾਲ ਕਰਨ ਜੌਹਰ ਨੇ ਸਿਨੇ ਜਗਤ ਵਿੱਚ ਫਿਲਮਸਾਜ਼ ਵਜੋਂ 25 ਸਾਲ ਦਾ ਸਫਰ ਮੁਕੰਮਲ ਕੀਤਾ ਹੈ। ਕਰਨ ਜੌਹਰ ਨੇ ਇਸ ਸਬੰਧੀ ਜਾਣਕਾਰੀ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੈ। ਫ਼ਿਲਮਸਾਜ਼ ਨੇ ਆਖਿਆ ਕਿ ਉਸ ਨੂੰ ਸਦਨ ਵਿੱਚ ਸਨਮਾਨ ਪੱਤਰ ਭਾਰਤੀ-ਬਰਤਾਨਵੀ ਮੂਲ ਦੀ ਸਿਆਸਤਦਾਨ ਸੈਂਡੀ ਵਰਮਾ (ਬੈਰੋਨੈਸ ਵਰਮਾ) ਨੇ ਭੇਟ ਕੀਤਾ। ਕਰਨ ਜੌਹਰ ਨੇ ਆਖਿਆ,"ਅੱਜ ਬਹੁਤ ਖਾਸ ਦਿਨ ਹੈ! ਮੈਂ ਬਰਤਾਨਵੀ ਸੰਸਦ ਵਿੱਚ ਬੈਰੋਨੈਸ ਵਰਮਾ ਕੋਲੋਂ ਸਨਮਾਨ ਹਾਸਲ ਕਰਕੇ ਬਹੁਤ ਖੁਸ਼ ਹਾਂ। ਅਸੀਂ ਸਿਨੇ ਜਗਤ ਵਿੱਚ ਮੇਰੇ ਫਿਲਮਸਾਜ਼ ਵਜੋਂ 25 ਸਾਲ ਮੁਕੰਮਲ ਹੋਣ ਦੀ ਖੁਸ਼ੀ ਵਿੱਚ ਜਸ਼ਨ ਮਨਾਇਆ। ਮੇਰੇ ਇਸ ਸਫ਼ਰ ਦੌਰਾਨ ਮੈਨੂੰ ਪਿਆਰ ਕਰਨ ਵਾਲਿਆਂ ਦਾ ਸ਼ੁਕਰੀਆ।





# 'ਕੈਰੀ ਆਨ ਜੱਟਾ-3' ਰਿਲੀਜ਼ ਲਈ ਤਿਆਰ

ਜਲੰਧਰ, 22 ਜੂਨ (ਹਰਵਿੰਦਰ ਸਿੰਘ ਫੁੱਲ)-ਪੰਜਾਬੀ ਸਿਨੇਮਾ ਨੂੰ ਇਕ ਨਵਾਂ ਮੁਕਾਮ ਦੇਣ ਵਾਲੀ ਸੁਪਰਹਿੱਟ ਪੰਜਾਬੀ ਫ਼ਿਲਮ 'ਕੈਰੀ ਆਨ ਜੱਟਾ' ਦਾ ਸੀਕੁਅਲ 'ਕੈਰੀ ਆਨ ਜੱਟਾ 3' ਰਿਲੀਜ਼ ਲਈ ਤਿਆਰ ਹੈ। 'ਕੈਰੀ ਆਨ ਜੱਟਾ-1 ਅਤੇ 2' ਉਹ ਪੰਜਾਬੀ ਫ਼ਿਲਮਾਂ ਹਨ ਜਿਨ੍ਹਾਂ ਪੰਜਾਬੀ ਫ਼ਿਲਮਾਂ ਦਾ ਇਕ ਇਤਿਹਾਸ ਰਚਦਿਆਂ ਪੰਜਾਬੀ ਵਿਚ ਕਾਮੇਡੀ ਫ਼ਿਲਮਾਂ ਦਾ ਦੌਰ ਸ਼ੁਰੂ ਕੀਤਾ।ਇਸੇ ਤਰ੍ਹਾਂ ਦੀ ਹੀ ਆਸ ਹੁਣ ਇਸ ਫ਼ਿਲਮ ਦੇ ਇਸ ਤੀਜੇ ਸੀਕੁਅਲ ਤੋਂ ਕੀਤੀ ਜਾ ਰਹੀ ਹੈ। ਪੰਜਾਬ ਦੀ ਇਹ ਪਹਿਲੀ ਫ਼ਿਲਮ ਕਹੀ ਜਾ ਸਕਦੀ ਹੈ ਜਿਸ ਦਾ ਟਰੇਲਰ ਕੌਮੀ ਪੱਧਰ 'ਤੇ ਮੁੰਬਈ ਵਿਖੇ ਬਾਲੀਵੁੱਡ ਸਟਾਰ ਆਮਿਰ ਖ਼ਾਨ ਅਤੇ ਕਪਿਲ ਸ਼ਰਮਾ ਵਲੋਂ ਰਿਲੀਜ਼ ਕੀਤਾ ਗਿਆ। 29 ਜੂਨ ਨੂੰ ਦੁਨੀਆ ਭਰ ਵਿਚ ਰਿਲੀਜ਼ ਹੋ ਰਹੀ ਇਸ ਫ਼ਿਲਮ ਨੂੰ ਗਿੱਪੀ ਗਰੇਵਾਲ ਦੀ ਨਿੱਜੀ ਪ੍ਰੋਡਕਸ਼ਨ ਕੰਪਨੀ 'ਹੰਬਲ ਫਿਲਮਜ਼' ਨੇ ਨਿਰਮਾਣ ਕੀਤਾ ਹੈ। ਵੈਭਵ ਸੁਮਨ ਤੇ ਸ਼੍ਰਿਆ ਸ੍ਰੀਵਾਸਤਵ ਦੀ ਲਿਖੀ ਅਤੇ ਸਮੀਪ ਕੰਗ ਦੀ ਡਾਇਰੈਕਟ ਕੀਤੀ ਇਸ ਫ਼ਿਲਮ ਦੇ ਡਾਇਲਾਗ ਨਰੇਸ਼ ਕਥੂਰੀਆ ਨੇ ਲਿਖੇ ਹਨ। ਫ਼ਿਲਮ ਵਿਚ ਗਿੱਪੀ ਗਰੇਵਾਲ ਤੇ ਸੋਨਮ ਬਾਜਵਾ ਦੇ ਨਾਲ ਗੁਰਪ੍ਰੀਤ ਘੁੱਗੀ, ਬੀਨੂੰ ਢਿੱਲੋਂ, ਕਰਮਜੀਤ ਅਨਮੋਲ, ਜਸਵਿੰਦਰ ਭੱਲਾ, ਬੀ. ਐਨ. ਸ਼ਰਮਾ, ਸ਼ਿੰਦਾ ਗਰੇਵਾਲ, ਕਵਿਤਾ ਕੌਸ਼ਕ, ਰੁਪਿੰਦਰ ਰੂਪੀ ਅਤੇ ਪਾਕਿਸਤਾਨੀ ਅਦਾਕਾਰ ਨਾਸਿਰ ਚੁਨੌਟੀ ਨੇ ਅਹਿਮ ਭੂਮਿਕਾ ਨਿਭਾਈ ਹੈ।

# ਫ਼ਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਦਾ ਟੀਜ਼ਰ ਰਿਲੀਜ਼



ਮੁੰਬਈ-ਫ਼ਿਲਮ ਨਿਰਮਾਤਾਵਾਂ ਨੇ ਅਦਾਕਾਰਾ ਆਲੀਆ ਭੱਟ ਤੇ ਅਦਾਕਾਰ ਰਣਵੀਰ ਸਿੰਘ ਦੀ ਆਉਣ ਵਾਲੀ ਫ਼ਿਲਮ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਦਾ ਟੀਜ਼ਰ ਰਿਲੀਜ਼ ਕੀਤਾ ਹੈ। ਇਸ ਫ਼ਿਲਮ ਵਿੱਚ ਉਹ ਸਭ ਕੁਝ ਹੈ, ਜਿਸ ਲਈ ਕਰਨ ਜੌਹਰ ਜਾਣਿਆ ਜਾਂਦਾ ਹੈ। ਇੱਕ ਮਿਟ 19 ਸੈਕਿੰਡ ਦੇ ਟੀਜ਼ਰ ਵਿੱਚ ਫਿਲਮ ਦੇ ਅਹਿਮ ਪੱਖਾਂ 'ਤੇ ਚਾਨਣ ਪਾਇਆ ਗਿਆ। ਇਸ ਤੋਂ ਇਲਾਵਾ ਪਿੱਠਵਰਤੀ ਫਨਕਾਰ ਅਰਿਜੀਤ ਸਿੰਘ ਦੀ ਆਵਾਜ਼ ਵੀ ਸੁਣਵਾਈ ਦਿੰਦੀ ਹੈ। ਇਸ ਤੋਂ ਪਹਿਲਾਂ ਅਰਿਜੀਤ ਨੇ ਕਰਨ ਜੌਹਰ ਦੀ ਫ਼ਿਲਮ 'ਐ ਦਿਲ ਹੈ ਮੁਸ਼ਕਿਲ' ਵਿੱਚ ਗੀਤ ਚੰਨਾ ਮੇਰਿਆ' ਗਾਇਆ ਸੀ, ਜੋ ਬਹੁਤ ਮਕਬੂਲ ਹੋਇਆ ਸੀ। ਫ਼ਿਲਮ ਦਾ ਟੀਜ਼ਰ ਆਲੀਆ ਤੇ ਰਣਵੀਰ ਦੇ ਰੋਮਾਂਸ ਨਾਲ ਸ਼ੁਰੂ ਹੁੰਦਾ ਹੈ ਅਤੇ ਪਰਿਵਾਰਕ ਕਾਮੇਡੀ ਨਾਲ ਸਿਖਰ 'ਤੇ ਪੁੱਜਦਾ ਹੈ। ਫ਼ਿਲਮ ਦਾ ਟੀਜ਼ਰ ਸੋਸ਼ਲ ਮੀਡਆ 'ਤੇ ਸੁਪਰਸਟਾਰ ਸ਼ਾਹਰੁਖ਼ ਖਾਨ ਵੱਲੋਂ ਰਿਲੀਜ਼ ਕੀਤਾ ਗਿਆ। ਸ਼ਾਹਰੁਖ਼ ਨੂੰ ਕਰਨ ਜੌਹਰ ਦਾ ਬਹੁਤ ਕਰੀਬੀ ਦੋਸਤ ਮੰਨਿਆ ਜਾਂਦਾ ਹੈ। ਇਹ ਟੀਜ਼ਰ ਕਰਨ ਜੌਹਰ ਦੇ ਸਿਨੇ ਜਗਤ ਵਿੱਚ ਨਿਰਦੇਸ਼ਕ ਵਜੋਂ 25 ਸਾਲਾਂ ਦੇ ਸਫਰ ਨੂੰ ਸਪਰਪਿਤ ਹੈ।

# ਵਿਦਿਆ ਬਾਲਨ ਦੀ ਫਿਲਮ 'ਨੀਅਤ' ਦਾ ਟਰੇਲਰ ਰਿਲੀਜ਼



ਮੁੰਬਈ-ਬੌਲੀਵੁਡ ਅਦਾਕਾਰਾ ਵਿਦਿਆ ਬਾਲਨ ਲੰਬੇ ਸਮੇਂ ਬਾਅਦ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਹੈ। ਵਿਦਿਆ ਬਾਲਨ ਦੀ ਆਉਣ ਵਾਲੀ ਫਿਲਮ 'ਨੀਅਤ' ਦਾ ਅੱਜ ਟਰੇਲਰ ਜਾਰੀ ਕੀਤਾ ਗਿਆ, ਜਿਸ ਵਿਚ ਉਹ ਜਾਸੂਸ ਦੀ ਭੂਮਿਕਾ ਨਿਭਾਏਗੀ। 2 ਮਿੰਟ ਅਤੇ 24 ਸਕਿੰਟਾਂ ਦੇ ਟਰੇਲਰ ਦੀ ਸ਼ੁਰੂਆਤ ਆਵਾਜ਼ ਨਾਲ ਹੁੰਦੀ ਹੈ, ਜਿਸ ਵਿਚ ਦੱਸਿਆ ਜਾਂਦਾ ਹੈ ਕਿ ਰਹੱਸ ਨੂੰ ਹੱਲ ਕਰਨ ਲਈ ਜਾਸੂਸ ਆ ਰਹੇ ਹਨ। ਇਸ ਫਿਲਮ ਵਿਚ ਅਰਬਪਤੀ ਅਸ਼ੀਸ਼ ਕਪੂਰ ਸਕਾਟਲੈਂਡ ਵਿੱਚ ਆਪਣੇ ਮਹਿਲ ਵਿਚ ਵੱਡੀ ਪਾਰਟੀ ਰੱਖਦਾ ਹੈ ਤੇ ਪਾਰਟੀ ਦੌਰਾਨ ਹੀ ਅਸ਼ੀਸ਼ ਦੀ ਮੌਤ ਹੋ ਜਾਂਦੀ ਹੈ। ਇਥੇ ਚਰਚਾ ਚੱਲਦੀ ਹੈ ਕਿ ਉਸ ਨੇ ਘਰ ਦੀ ਉਚੀ ਥਾਂ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਪਰ ਜਾਸੂਸ ਵਿਦਿਆ ਬਾਲਨ ਦੱਸਦੀ ਹੈ ਕਿ ਇਹ ਇੱਕ ਖੁਦਕੁਸ਼ੀ ਨਹੀਂ ਬਲਕਿ ਹੱਤਿਆ ਹੈ ਤੇ ਇਸ ਵਿਚ ਸ਼ੱਕ ਦੀ ਸੂਈ ਕਈ ਜਣਿਆਂ ਦੁਆਲੇ ਘੁੰਮਦੀ ਹੈ। ਫਿਲਮ ਵਿੱਚ ਰਾਹੁਲ ਬੋਸ, ਨੀਰਜ ਕਬੀ, ਅੰਮ੍ਰਿਤਾ ਪੁਰੀ, ਸ਼ਹਾਨਾ ਗੋਸਵਾਮੀ, ਨਿੱਕੀ ਵਾਲੀਆ, ਦੀਪਾਨਿਤਾ ਸ਼ਰਮਾ, ਸ਼ਸ਼ਾਂਕ ਅਰੋੜਾ, ਪ੍ਰਾਜਕਤਾ ਕੋਲੀ, ਦਾਨੇਸ਼ ਰਜ਼ਵੀ, ਇਸ਼ੀਕਾ ਮਹਿਰਾ ਅਤੇ ਮਾਧਵ ਦੇਵਲ ਮੁੱਖ ਭੂਮਿਕਾਵਾਂ ਵਿੱਚ ਹਨ। ਇਹ ਟਰੇਲਰ ਡੈਨੀਅਲ ਕ੍ਰੇਗ ਦੀ 'ਨਾਈਵਜ਼ ਆਊਟ' ਦੀ ਯਾਦ ਦਿਵਾਉਂਦਾ ਹੈ ਜੋ ਇੱਕ ਨਿਪੁੰਸਕ ਪਰਿਵਾਰ ਦੀ ਕਹਾਣੀ 'ਤੇ ਆਧਾਰਿਤ ਹੈ। ਦੱਸਣਾ ਬਣਦਾ ਹੈ ਕਿ ਵਿਦਿਆ ਬਾਲਨ ਨੇ ਚਾਰ ਸਾਲ ਪਹਿਲਾਂ ਫਿਲਮ 'ਸ਼ਕੁੰਤਲਾ ਦੇਵੀ' ਵਿਚ ਕੰਮ ਕੀਤਾ ਸੀ ਤੇ ਉਸ ਤੋਂ ਬਾਅਦ ਵੱਡੇ ਪਰਦੇ ਤੋਂ ਦੂਰੀ ਬਣਾਈ ਰੱਖੀ। ਵਿਦਿਆ ਬਾਲਨ ਨੇ ਫਿਲਮ ਦਾ ਟਰੇਲਰ ਇਸਟਾਗ੍ਰਾਮ 'ਤੇ ਵੀ ਜਾਰੀ ਕੀਤਾ। ਫਿਲਮ 'ਨੀਅਤ' 7 ਜੁਲਾਈ ਨੂੰ ਰਿਲੀਜ਼ ਹੋਵੇਗੀ।


ROHITA PANNU
LAW CORPORATION
BARRISTER & SOLICITOR





SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ




*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਚਿੱਠੀ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਨੇ ਰੋਹ ਵਿੱਚ ਆਉਣਾ

2092 ਚਿੱਠੀ ਸੁਣ ਸਰਕਾਰ ਨੂੰ ਰੋਹ ਆਇਆ, ਕਿਹਾ ਸਭ ਨੂੰ ਉਸ ਲਲਕਾਰ ਬੇਲੀ।
ਸਾਨੂੰ ਫੈਸਲਾ ਇਹ ਮਨਜ਼ੂਰ ਨਹੀਂ, ਕੀ ਸਮਝਦੀ ਗੋਰੀ ਸਰਕਾਰ ਬੇਲੀ।
ਹੋਊ ਫੈਸਲਾ ਵਿੱਚ ਮੈਦਾਨ ਦੇ ਇਹ, ਨਹੀਂ ਮੰਨਣੀ ਅਸਾਂ ਨੇ ਹਾਰ ਬੇਲੀ।
ਹਰਚੰਦ ਸਿੰਘਾ ਸਾਡੀ ਪਿੱਠ ਪਿੱਛੇ, ਛੁਰਾ ਸਾਡੇ ਹੀ ਗਏ ਨੇ ਮਾਰ ਬੇਲੀ॥
2093 ਮੇਰੇ ਖ਼ੂਨ ਨੇ ਮੈਨੂੰ ਹੀ ਛੱਡ ਦਿੱਤਾ, ਮੈਨੂੰ ਜਿਨ੍ਹਾਂ ਤੇ ਬੜਾ ਸੀ ਮਾਣ ਸਿੰਘੋ।
ਮਾਮੇ-ਮਾਵਾਂ ਤੋਂ ਵੱਧ ਪਿਆਰ ਦੇਂਦੇ, ਜਾਨਾਂ ਵਾਰਦੇ ਵਿੱਚ ਮੈਦਾਨ ਸਿੰਘੋ।
ਛੱਡ ਸਾਨੂੰ ਬਣੇ ਫਿਰੰਗੀਆਂ ਦੇ, ਗਹਿਣੇ ਕੀਤੀ ਏ ਆਣ ਤੇ ਸ਼ਾਨ ਸਿੰਘੋ।
ਹਰਚੰਦ ਸਿੰਘਾ ਲੋਕ ਗ਼ਦਾਰ ਕਹਿੰਦੇ, ਪਿੱਠ ਦੇਸ਼ ਨੂੰ ਜੋ ਦਿਖਾਣ ਸਿੰਘੋ॥

### ਸ਼ੇਰੇ ਪੰਜਾਬ ਨੇ ਹੁਕਮ ਦੇਣਾ

2094 ਹੁਕਮ ਭੇਜੇ ਸਰਕਾਰ ਨੇ ਸਾਰਿਆਂ ਨੂੰ, ਫ਼ੌਜਾਂ ਲੈ ਕੇ ਸਭ ਸਰਦਾਰ ਆਓ।
ਭਰੋ ਜਖੀਰੇ ਅਨਾਜ ਬਰੂਦ ਵਾਲੇ, ਜੰਗੀ ਸਮਾਨ ਦੇ ਭਰ ਭੰਡਾਰ ਆਓ।
ਦੇਸ਼-ਕੌਮ ਦੇ ਲਈ ਸ਼ਹੀਦ ਹੋਣਾ, ਮਨਾਂ ਵਿੱਚ ਇਹ ਸਾਰੇ ਧਾਰ ਆਓ।
ਹਰਚੰਦ ਸਿੰਘਾ ਸਮਾਂ ਨਹੀਂ ਸੋਚਣੇ ਦਾ, ਸਭ ਛੇਤੀ ਉਡਾਰੀਆਂ ਮਾਰ ਆਓ॥
2095 ਖਬਰ ਹੋਈ ਜਦ ਫਿਰੰਗੀਆਂ ਨੂੰ, ਉਹ ਵੀ ਚਾਲੇ ਪੰਜਾਬ ਨੂੰ ਪਾਉਣ ਲੱਗੇ।
ਕਰਨਲ ਅਕਟਰਲੋਨੀ ਲੈ ਕੇ ਪਲਟਨਾਂ ਨੂੰ, ਸਤਲੁਜ ਵੱਲ ਨੂੰ ਪੰਧ ਮੁਕਾਉਣ ਲੱਗੇ।
ਪਟਿਆਲੇ ਵਾਲੇ ਰਾਜੇ ਸਾਹਿਬ ਸਿੰਘ ਜੀ, ਫਰੰਗੀ ਆਉਣ ਦੀ ਖੁਸ਼ੀ ਮਨਾਉਣ ਲੱਗੇ।
ਹੋਰ ਸਰਦਾਰ ਵੀ ਨਾਲ ਹਰਚੰਦ ਸਿੰਘਾ, ਕੜੇ ਲਾਹ ਕੇ ਚੂੜੀਆਂ ਪਾਉਣ ਲੱਗੇ॥
2096 ਦੋਵੇਂ ਧਿਰਾਂ ਹੋ ਤਿਆਰ ਖੜ੍ਹੀਆਂ, ਮੱਲੇ ਮੋਰਚੇ ਤੋਪਾਂ ਬੀੜੀਆਂ ਨੇ।
ਸ਼ੇਰੇ ਪੰਜਾਬ ਦੇ ਨੇਤਰ ਲਾਲ ਹੋਏ, ਹੋਈਆਂ ਤਿੱਖੀਆਂ ਮੱਥੇ ਦੀਆਂ ਤੀੜੀਆਂ ਨੇ।
ਪਿੰਡਾਂ ਵਿੱਚੋਂ ਗੱਭਰੂ ਚੱਲ ਆਏ, ਫਿਰੰਗੀ ਮਸਲ ਨੇ ਵਾਂਗਰਾਂ ਕੀੜੀਆਂ ਨੇ।
ਹਰਚੰਦ ਸਿੰਘਾ ਆਈਆਂ ਸਭ ਜਾਤਾਂ, ਪਈਆਂ ਮੁੜ ਪੰਜਾਬ ਤੇ ਭੀੜੀਆਂ ਨੇ॥
2097 ਅਕਟਰ ਲੋਨੀ ਪਲਟਨਾਂ ਚਾਰ ਲੈ ਕੇ, ਜ਼ੋਰ ਆਪਣਾ ਉਹ ਦਿਖਾਉਣ ਆਇਆ।
ਸੂਰਜ ਛਿਪੇ ਨਾ ਸਾਡੇ ਰਾਜ ਅੰਦਰ, ਸ਼ੇਰੇ ਪੰਜਾਬ ਤੇ ਦਾਅਵਾ ਪਾਉਣ ਆਇਆ।
ਲੁਧਿਆਣੇ ਆ ਮੋਰਚੇ ਲਾ ਬੈਠਾ, ਮੱਥਾ ਨਾਲ ਪੰਜਾਬੀਆਂ ਲਾਉਣ ਆਇਆ।
ਹਰਚੰਦ ਸਿੰਘਾ ਮਾਰ ਲਹੌਰ ਲੈਣਾ, ਸਿੱਖ ਰਾਜ ਦਾ ਦੀਵਾ ਬੁਝਾਉਣ ਆਇਆ॥
2098 ਮੈਟਕਾਫ ਸੀ ਅੰਮ੍ਰਿਤਸਰ ਬੈਠਾ, ਸਭ ਕੁੱਝ ਵੇਖਦਾ ਨਾਲ ਧਿਆਨ ਬੇਲੀ।
ਇਰਾਦਾ ਸ਼ੇਰੇ ਪੰਜਾਬ ਦਾ ਵੇਖ ਉਸਨੇ, ਕੀਤਾ ਲਾਟ ਨੂੰ ਸਭ ਬਿਆਨ ਬੇਲੀ।
ਪਲ ਪਲ ਦੀ ਭੇਜਦਾ ਖਬਰ ਉਹੋ, ਜੀਭ ਤੇਜ ਤੇ ਮਨ ਸ਼ੈਤਾਨ ਬੇਲੀ।
ਹਰਚੰਦ ਸਿੰਘਾ ਲੈਣ ਪੰਜਾਬ ਆਏ, ਗੁਆ ਲਈਏ ਨਾ ਹਿੰਦੁਸਤਾਨ ਬੇਲੀ॥

### ਇਹ ਵੇਖ ਕੇ ਫਿਰੰਗੀਆਂ ਨੇ ਟੋਨ ਬਦਲਣੀ

2099 ਨਪੋਲੀਅਨ ਦਾ ਕਹਿੰਦੇ ਡਰ ਮੁੱਕਾ, ਰਹੀਏ ਮਿਲਕੇ ਨਾਲ ਪਿਆਰ ਆਪਾਂ।
ਅਹਿਦਨਾਮਾ ਲਿਖ ਕੇ ਕਰ ਲਈਏ, ਸਤਲੁਜ ਦੇ ਆਰ ਤੇ ਪਾਰ ਆਪਾਂ।
ਸਤਲੁਜ ਹੈ ਆਪਣੀ ਹੱਦ ਬੰਦੀ, ਕਰੀਏ ਆਪਸੀ ਵਣਜ ਵਪਾਰ ਆਪਾਂ।
ਗਿਲ੍ਹੇ ਸ਼ਿਕਵੇ ਸਭ ਹਰਚੰਦ ਸਿੰਘਾ, ਦੇਈਏ ਮਨਾਂ ਦੇ ਵਿੱਚੋਂ ਉਤਾਰ ਆਪਾਂ॥

### ਜਰਨੈਲ ਮੋਹਕਮ ਚੰਦ ਤੇ ਹੋਰ ਕਈਆਂ ਨੇ ਜੰਗ ਕਰਨ ਦੀ ਸਲਾਹ ਦੇਣੀ

2100 ਪੇਸ਼ਕਸ਼ ਸੰਧੀ ਦੀ ਜਦ ਆਈ, ਦਰਬਾਰ ਸ਼ੇਰੇ ਪੰਜਾਬ ਨੇ ਲਾਇਆ ਏ।
ਸਭ ਸਰਦਾਰ, ਵਜੀਰ, ਦੀਵਾਨ ਜੁੜੇ, ਆਪੋ ਆਪਣਾ ਪੱਖ ਸੁਣਾਇਆ ਏ।
ਮੋਹਕਮ ਚੰਦ ਨੇ ਗਰਮ ਦਲੀਲ ਦਿੱਤੀ, ਫਿਰੰਗੀ ਸਾਡੀ ਮਾਰ ਵਿੱਚ ਆਇਆ ਏ।
ਹਰਚੰਦ ਸਿੰਘਾ ਖ਼ੂਨ ਨਚੋੜ ਲਈਏ, ਰੱਟਾ ਇਸ ਨੇ ਆਣ ਕੇ ਪਾਇਆ ਏ॥
2101 ਸਰਦਾਰ ਕਈ ਇਸਦੇ ਹੱਕ ਬੋਲੇ, ਸਬਕ ਫਿਰੰਗੀਆਂ ਤਾਈਂ ਸਿਖਾਈਏ ਜੀ।
ਮਖੀਰ ਡੂਮਣਾ ਸਾਡੇ ਮੁੱਢ ਲੱਗਾ, ਇਹਨੂੰ ਦੇਸ਼ 'ਚੋਂ ਕੱਢ ਭਜਾਈਏ ਜੀ।
ਟਿੱਡੀ ਦਲ ਨਾ ਕਿਸੇ ਦੇ ਮਿੱਤ ਹੁੰਦੇ, ਤੁਰਕਾਂ ਵਾਂਗ ਹੀ ਹਾਲ ਬਣਾਈਏ ਜੀ।
ਹਰਚੰਦ ਸਿੰਘਾ ਭਵਿੱਖ ਨੂੰ ਕੌਣ ਜਾਣੇ, ਵਰਤਮਾਨ ਨੂੰ ਆਪਾਂ ਬਚਾਈਏ ਜੀ॥

### ਫ਼ਕੀਰ ਅਜ਼ੀਜ਼ਉਦੀਨ ਤੇ ਉਸਦੇ ਸਾਥੀ

2102 ਸੁਣ ਦਲੀਲਾਂ ਗਰਮ ਖਿਆਲ ਦੀਆਂ, ਤੇਜ ਸ਼ੇਰੇ ਪੰਜਾਬ ਨੂੰ ਚੜ੍ਹਿਆ ਏ।
ਅਜ਼ੀਜਉਦੀਨ ਨੇ ਹਾਬ-ਭਾਬ ਸਾਰਾ, ਮਹਾਰਾਜ ਦੇ ਮੁੱਖ ਤੋਂ ਪੜ੍ਹਿਆ ਏ।
ਫ਼ਕੀਰ ਕਹਿੰਦਾ ਮਾਰ ਉਹ ਖਾ ਜਾਂਦਾ, ਸਮਝ ਸੋਚ ਕੇ ਜੋ ਨਾ ਲੜਿਆ ਏ।
ਹਰਚੰਦ ਸਿੰਘਾ ਪੱਕੇ ਹੋ ਪੈਰੀਂ ਫਿਰੰਗੀ ਆਣ ਕੇ ਸਾਹਮਣੇ ਖੜ੍ਹਿਆ ਏ॥
2103 ਮਾਫ ਕਰਨਾ ਕਾਇਰ ਨਾ ਸਮਝ ਲੈਣਾ, ਆਓ ਸਾਰੇ ਪੱਖ ਵਿਚਾਰੀਏ ਜੀ।
ਕਾਹਲੀ ਵਿੱਚ ਕੁਤਾਹੀ ਨਾ ਕਰ ਲਈਏ, ਜਿੱਤੀ ਬਾਜੀ ਹੱਥੋਂ ਨਾ ਹਾਰੀਏ ਜੀ।
ਪਹਿਲਾਂ ਚਾਦਰ ਦਾ ਘੇਰਾ ਵੇਖ ਲਈਏ, ਫਿਰ ਆਪਣੇ ਪੈਰ ਪਸਾਰੀਏ ਜੀ।
ਹਰਚੰਦ ਸਿੰਘਾ ਦੀਵਾ ਬਾਲ ਲਈਏ, ਹਨੇਰੇ ਵਿੱਚ ਨਾ ਛਾਲਾਂ ਮਾਰੀਏ ਜੀ॥
2104 ਅਸੀਂ ਜਿਨ੍ਹਾਂ ਦੇ ਲਈ ਹਾਂ ਲੜ੍ਹਨ ਲੱਗੇ, ਉਹ ਬੈਠੇ ਚੂੜ੍ਹੀਆਂ ਪਾ ਕੇ ਜੀ।
ਭੇੜੂ ਸਾਨ੍ਹ ਨੂੰ ਆਪਣੀ ਖੁਰਲੀ ਤੇ, ਉਹ ਲਿਆਏ ਆਪ ਬੁਲਾ ਕੇ ਜੀ।
ਉਹ ਤੇ ਖੁਸ਼ੀ ਦੇ ਜਸ਼ਨ ਮਨਾਂਵਦੇ ਨੇ, ਪੱਠੇ ਉਸ ਨੂੰ ਖੁਰਲੀ ਡਾਹ ਕੇ ਜੀ।
ਹਰਚੰਦ ਸਿੰਘਾ ਜੇ ਉਸਨੇ ਭੇੜ ਕੀਤਾ, ਫੇਰ ਕੱਢਾਂਗੇ ਪੁੜੇ ਸਜਾ ਕੇ ਜੀ॥
2105 ਵੱਲ ਪਹਿਲਾਂ ਇਨ੍ਹਾਂ ਫਿਰੰਗੀਆਂ ਨੇ, ਕਾਬਲ ਵਾਲਾ ਸ਼ਾਹ ਜ਼ਮਾਨ ਕੀਤਾ।
ਸਿੰਧ, ਕਾਂਗੜਾ, ਕਸ਼ਮੀਰ, ਨੇਪਾਲ ਨਾਲੇ, ਨਾਲ ਆਪਦੇ ਤੁਰਕ ਈਰਾਨ ਕੀਤਾ।
ਕਲਕੱਤਾ, ਮੁੰਬਈ, ਮਦਰਾਸ ਅਤੇ ਦਿੱਲੀ, ਕਬਜ਼ੇ ਆਪਣੇ ਹਿੰਦੁਸਤਾਨ ਕੀਤਾ।
ਹਰਚੰਦ ਸਿੰਘਾ ਕਰਕੇ ਪੈਰ ਪੱਕੇ, ਪੰਜਾਬ ਵੱਲ ਹੈ ਹੁਣ ਧਿਆਨ ਕੀਤਾ॥
2106 ਆਪਾਂ ਨਾਲ ਫਿਰੰਗੀ ਜੇ ਉਲਝ ਬੈਠੇ, ਚੜ੍ਹ ਕਾਬਲੋਂ ਸ਼ਾਹ ਜਮਾਨ ਆਉ।
ਕਸੂਰ, ਕਾਂਗੜਾ, ਚੰਬਾ, ਪਠਾਨਕੋਟ, ਚੜ੍ਹ ਸਿੰਧ ਦੇ ਨਾਲ ਮੁਲਤਾਨ ਆਉ।
ਕਿੱਥੇ ਕਿੱਥੇ ਲੜਾਂਗੇ ਖਾਲਸਾ ਜੀ, ਕਿੱਥੋਂ ਫੌਜ ਤੇ ਜੰਗੀ ਸਮਾਨ ਆਉ।
ਹਰਚੰਦ ਸਿੰਘਾ ਮੁੱਠੀ ਨਹੀਂ ਮੀਚ ਹੋਣੀ, ਵਿੱਚ ਮੁੱਠੀ ਦੇ ਜਦ ਇਹ ਜਾਨ ਆਉ॥
2107 ਹੁਣ ਸੰਧੀ ਹੀ ਸਾਡੇ ਸੂਤ ਬਹਿਣੀ, ਸੰਧੀ ਆਪਾਂ ਲਈਏ ਕਰ ਮੀਆਂ।
ਫਿਕਰ ਛੱਡ ਕੇ ਰੂੜੀ ਗੁਹਾਰਿਆਂ ਦਾ, ਬਚਾਓ ਹੜ੍ਹ ਤੋਂ ਪਹਿਲਾਂ ਘਰ ਮੀਆਂ।
ਜੋ ਗਿਆ ਉਸ ਨੂੰ ਜਾਣ ਦੇਵੋ, ਨਵੇਂ ਇਲਾਕੇ ਕਰਾਂਗੇ ਸਰ ਮੀਆਂ।
ਹਰਚੰਦ ਸਿੰਘਾ ਜਿਸ ਨੇ ਪਿੱਠ ਕੱਜੀ, ਉਹਨੂੰ ਪਿੱਛੋਂ ਕੋਈ ਨਾ ਡਰ ਮੀਆਂ॥
2108 ਕੋਈ ਸ਼ੱਕ ਨਹੀਂ ਆਪਣਾ ਪੱਖ ਭਾਰੀ, ਦੇਣਾ ਗੋਰਿਆ ਤਾਈਂ ਪਛਾੜ ਭਾਈ।
ਇਨ੍ਹਾਂ ਝੱਟੇ ਸਾਡੇ ਹੀ ਦੋਖੀਆਂ ਨੂੰ, ਨਾਲ ਲਿਆਉਣਾ ਮੁੜ ਕੇ ਚਾੜ੍ਹ ਭਾਈ।
ਜੋ ਆਪਾਂ ਕੁੱਟ ਕੇ ਹੇਠ ਕੀਤੇ, ਬਣ ਖੜਨਗੇ ਅੱਗੇ ਪਹਾੜ ਭਾਈ।
ਹਰਚੰਦ ਸਿੰਘਾ ਸੋਚ ਵਿਚਾਰ ਲਓ, ਪੈਰੀਂ ਮਾਰ ਨਾ ਲਿਓ ਕੁਹਾੜ ਭਾਈ॥
2109 ਲੋਟ ਹੋ ਗਏ ਮਾਲਵਾ ਮਾਰਿਆ ਨਾ, ਅਸਾਂ ਰੱਖਿਆਂ ਹਿੱਤ ਪਿਆਰ ਬੇਲੀ।
ਗੋਰੇ ਵਿਚਦੀ ਲੰਘੇ ਲੈ ਫੌਜਾਂ, ਅੱਖਾਂ ਮੀਟ ਕੇ ਬੈਠੇ ਸਰਦਾਰ ਬੇਲੀ।
ਝੰਡ ਲਹੁੰਦੇ ਅਸੀਂ ਗੋਰਿਆਂ ਦੀ, ਸਾਰੇ ਚੱਕ ਦੇ ਮਿਲ ਤਲਵਾਰ ਬੇਲੀ।
ਹਰਚੰਦ ਸਿੰਘਾ ਡੱਕਰੇ ਕਰ ਦੇਂਦੇ, ਚੁੱਕ ਸੁੱਟਦੇ ਸਾਗਰੋਂ ਪਾਰ ਬੇਲੀ॥
2110 ਅਜੀਜ਼ੁਦੀਨ ਨੇ ਚਾਨਣ ਕਰ ਦਿੱਤਾ, ਦੀਪ ਅਕਲ ਦਾ ਰੱਖਿਆ ਬਾਲ ਕੇ ਜੀ।
ਸਿਆਣੇ ਜਿਨ੍ਹਾਂ ਨੂੰ ਮਿਲ ਵਜ਼ੀਰ ਗਏ, ਰਾਜ ਰੱਖੇ ਉਨ੍ਹਾਂ ਸੰਭਾਲ ਕੇ ਜੀ।
ਛੇਤੀ ਹੋਏ ਨਾ ਖੱਟੇ-ਖਰਾਬ ਕਦੇ, ਦੁੱਧ ਰੱਖੇ ਜਿਨ੍ਹਾਂ ਉਬਾਲ ਕੇ ਜੀ।
ਹਰਚੰਦ ਸਿੰਘਾ ਅਕਲਾਂ ਵਾਲਿਆਂ ਨੂੰ, ਚੱਲ ਲਿਆਈਏ ਆਪਾਂ ਭਾਲ ਕੇ ਜੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੇਟ ਦੀਆਂ ਬਿਮਾਰੀਆਂ-ਅੰਤੜੀ ਸੋਜ ਤੇ ਕਬਜ਼ ਕਿਉਂ ?

**ਕਬਜ਼** : ਪਖਾਨਾ ਸਮੇਂ ਸਿਰ ਨਾ ਆਉਣਾ ਇਕ ਆਮ ਬਿਮਾਰੀ ਹੈ। ਕਬਜ਼ ਹੋਣ ਕਰਕੇ ਸਾਡੇ ਸਰੀਰ ਵਿਚ ਕਈ ਤਰ੍ਹਾਂ ਦੇ ਰੋਗ ਜਿਵੇਂ ਸਿਰ ਦਰਦ, ਪੇਟ ਵਿਚ ਹਲਕਾ ਦਰਦ, ਭੁੱਖ ਨਾ ਲੱਗਣਾ, ਸਰੀਰ ਸੁਸਤ ਤੇ ਪੇਟ ਵਿਚ ਅਫ਼ਾਰਾ ਤੇ ਗੈਸ ਬਣਨਾ ਆਦਿ ਹੋ ਸਕਦੇ ਹਨ, ਜਦੋਂ ਵੀ ਕਿਸੇ ਦੀ ਪਖਾਨਾ ਜਾਣ ਦੀ ਆਦਤ ਵਿਚ ਤਬਦੀਲੀ ਹੋ ਜਾਵੇ ਤਾਂ ਉਸ ਨੂੰ 'ਕਬਜ਼' ਦੀ ਤਕਲੀਫ਼ ਕਿਹਾ ਜਾਂਦਾ ਹੈ।

**ਕਾਰਨ** : • ਸੁੱਕਾ ਭੋਜਨ ਖਾਣ ਕਾਰਨ, ਭੋਜਨ ਪਦਾਰਥਾਂ ਵਿਚ ਤਰਲਤਾ ਦੀ ਕਮੀ, • ਅੰਤੜੀਆਂ ਦਾ ਘੱਟ ਕੰਮ ਕਰਨਾ। • ਜੋ ਲੋਕ ਜ਼ਿਆਦਾ ਚਿਰ ਬੈਠ ਕੇ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ 'ਕਬਜ਼' ਹੋ ਜਾਂਦੀ ਹੈ। • ਚਿੰਤਾ, ਜ਼ਿਆਦਾ ਸੋਚਣਾ, ਨਾਜ਼ੁਕ ਜਿਹੇ ਸੁਭਾਅ ਦਾ ਹੋਣਾ, • ਅੰਤੜੀਆਂ ਜਾਂ ਪੇਟ ਦੀਆਂ ਮਾਸਪੇਸ਼ੀਆਂ ਦਾ ਕਮਜ਼ੋਰ ਹੋਣਾ। • ਤਣਾਅ ਦੀਆਂ ਦਵਾਈਆਂ ਜਿਵੇਂ ਜ਼ਿਆਦਾ ਦਰਦ ਨਿਵਾਰਕ ਗੋਲੀਆਂ ਦੀ ਵਰਤੋਂ, ਅਫ਼ੀਮ ਜਾਂ ਹੋਰ ਨਸ਼ੇ ਜਾਂ ਜ਼ਿਆਦਾ ਆਇਰਨ ਦੀਆਂ ਗੋਲੀਆਂ ਖਾਣ ਕਰਕੇ ਸਰੀਰ ਵਿਚ ਚਮੜੀ ਰਾਹੀਂ ਜਾਂ ਗੁਰਦੇ ਰਾਹੀਂ ਜ਼ਿਆਦਾ ਪਾਣੀ ਦੀ ਮਾਤਰਾ ਨਿਕਲਣ ਕਰਕੇ ਵੀ ਕਬਜ਼ ਹੋ ਜਾਂਦੀ ਹੈ।

**ਅੰਤੜੀਆਂ ਦੀ ਸੋਜ** : 'ਅੰਤੜੀ ਦਾ ਰੋਗ' ਸਾਡੇ ਪੇਟ ਵਿਚ ਇਕ ਤਰ੍ਹਾਂ ਨਾਲ ਅੰਤੜੀਆਂ ਦੀ ਸੋਜ ਦਾ ਸਿੱਟਾ ਹੈ। ਸਾਡੇ ਪੇਟ ਵਿਚ ਕੀਟਾਣੂ ਗੰਦੇ ਪਾਣੀ ਦੁਆਰਾ ਚਲੇ ਜਾਂਦੇ ਹਨ। ਇਹ ਕੀਟਾਣੂ ਪੇਟ ਅੰਦਰ ਜਾ ਕੇ ਅੰਤੜੀਆਂ ਦੇ ਆਸ-ਪਾਸ ਲੱਗੀ ਝਿੱਲੀ ਅਤੇ ਅੰਤੜੀਆਂ ਵਿਚ ਜਾ ਕੇ ਪਨਪਦੇ ਹਨ, ਜਿਸ ਕਰਕੇ ਅੰਤੜੀਆਂ ਵਿਚ ਸੋਜ ਆ ਜਾਂਦੀ ਹੈ।




**ਲੱਛਣ** : ਮਰੀਜ਼ ਨੂੰ ਬਹੁਤ ਪਖਾਨਾ ਆਉਂਦਾ ਹੈ। ਵਾਰ-ਵਾਰ ਪਖਾਨੇ ਨਾਲ ਲੇਸ ਤੇ ਚਰਬੀ ਵੀ ਆਉਂਦੀ ਹੈ। ਪੇਟ ਵਿਚ ਹਲਕਾ-ਫੁਲਕਾ ਦਰਦ ਰਹਿੰਦਾ ਹੈ, ਪਰ ਕਈ ਵਾਰ ਦਰਦ ਤੇਜ਼ ਵੀ ਹੋ ਜਾਂਦਾ ਹੈ। ਪਖਾਨੇ ਨਾਲ ਹਲਕਾ-ਹਲਕਾ ਖ਼ੂਨ ਵੀ ਨਿਕਲਦਾ ਹੈ। ਜਦ ਅੰਤੜੀਆਂ ਦੀ ਅੰਦਰਲੀ ਝਿੱਲੀ ਸੜ ਜਾਂਦੀ ਹੈ ਤਾਂ ਲੇਸ ਬਣ ਕੇ ਪਖਾਨੇ ਦੇ ਰਸਤੇ ਨਿਕਲਦੀ ਹੈ। ਪੇਟ ਵਿਚ ਕੁਝ ਵੀ ਨਹੀਂ ਪਚਦਾ ਅਤੇ ਜਦ ਵੀ ਅਸੀਂ ਕੁਝ ਖਾਂਦੇ ਹਾਂ ਤਾਂ ਪੇਟ ਵਿਚ ਹਲਕਾ ਜਿਹਾ ਦਰਦ ਉੱਠਦਾ ਤੇ ਦਿਲ ਘਬਰਾਉਂਦਾ ਹੈ ਅਤੇ ਉਲਟੀ ਆਉਣ ਨੂੰ ਕਰਦੀ ਹੈ।

**ਇਲਾਜ** : ਇਸ ਬਿਮਾਰੀ ਤੋਂ ਬਚਣ ਲਈ ਸਾਫ਼-ਸੁਥਰਾ ਪਾਣੀ ਉਬਾਲ ਕੇ ਠੰਢਾ ਕਰਕੇ ਪੀਓ। ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖੋ। ਪਾਣੀ ਵਿਚ ਕੈਲੋਰੀਨ ਦੀ ਵਰਤੋਂ ਕਰੋ। ਜਿਨ੍ਹਾਂ ਇਲਾਕਿਆਂ ਵਿਚ ਇਹ ਬਿਮਾਰੀ ਹੋਵੇ, ਕੁਝ ਦੇਰ ਉਸ ਇਲਾਕੇ ਦਾ ਪਾਣੀ ਨਾ ਵਰਤੋ। ਹੈਂਡ ਪੰਪ ਦੁਆਰਾ ਪਾਣੀ ਖਿੱਚਣ ਨਾਲ ਸੀਵਰੇਜ ਦੀਆਂ ਨਾਲੀਆਂ ਦਾ ਪਾਣੀ 'ਤੇ ਜ਼ੋਰ ਪੈਣ ਨਾਲ ਕੀਟਾਣੂ ਤੇ ਗੰਦਾ ਪਾਣੀ ਸਾਫ਼ ਪਾਣੀ ਨਾਲ ਮਿਲ ਜਾਂਦਾ ਹੈ। ਜਦੋਂ ਵੀ ਕਿਸੇ ਨੂੰ ਇਸ ਰੋਗ ਦੇ ਲੱਛਣਾਂ ਬਾਰੇ ਪਤਾ ਲੱਗੇ ਤਾਂ ਉਸ ਤੋਂ ਘਬਰਾਉਣ ਦੀ ਲੋੜ ਨਹੀਂ। ਪੇਟ ਰੋਗਾਂ ਦੇ ਮਾਹਿਰ ਡਾਕਟਰ ਦੀ ਸਲਾਹ ਅਨੁਸਾਰ ਇਲਾਜ ਕਰਵਾਓ।

## ਐਨਕ ਲਾਓ, ਨਜ਼ਰੀਆ ਬਦਲ ਜਾਵੇਗਾ



ਨਜ਼ਰ ਦੀ ਖ਼ਰਾਬੀ ਕਾਰਨ ਐਨਕ ਲਾਈ ਜਾਂਦੀ ਹੈ। ਨਜ਼ਰ ਖਰਾਬੀ ਵਾਲੇ ਦੀ ਫ਼ੌਜ ਵਿਚ ਨਿਯੁਕਤੀ ਨਹੀਂ ਹੁੰਦੀ। ਐਨਕ ਵਾਲੀ ਲੜਕੀ ਦੇ ਵਿਆਹ ਸਮੇਂ ਮੁਸ਼ਕਿਲ ਆਉਂਦੀ ਹੈ ਪਰ ਐਨਕ ਤਾਂ ਜ਼ਿਆਦਾ ਪੜ੍ਹਾਕੂ ਹੋਣ ਦੀ ਵੀ ਪਛਾਣ ਹੈ। ਇਹ ਨਜ਼ਰ ਦੀ ਐਨਕ ਹੁਣ ਬੁੱਧੀਮਾਨ ਹੋਣ ਦੀ ਨਿਸ਼ਾਨੀ ਵੀ ਹੈ। ਐਨਕ ਲਾਉਣ ਨਾਲ ਚਿਹਰਾ ਅਤੇ ਸ਼ਖ਼ਸੀਅਤ ਬਦਲ ਜਾਂਦੀ ਹੈ। ਨਾਲ ਹੀ ਸਾਹਮਣੇ ਵਾਲੇ 'ਤੇ ਵੀ ਚੰਗਾ ਪ੍ਰਭਾਵ ਪੈਂਦਾ ਹੈ। ਇੰਟਰਵਿਊ ਸਮੇਂ ਐਨਕ ਲਾ ਕੇ ਜਾਣ ਨਾਲ ਸਾਹਮਣੇ ਵਾਲੇ 'ਤੇ ਚੰਗਾ ਪ੍ਰਭਾਵ ਪੈਂਦਾ ਹੈ। ਇੰਟਰਵਿਊ ਦੇਣ ਵਾਲਾ ਬੁੱਧੀਮਾਨ ਅਤੇ ਅਨੁਸ਼ਾਸਨਬੱਧ ਰਹਿਣ ਵਾਲਾ ਮੰਨਿਆ ਜਾਂਦਾ ਹੈ ਅਤੇ ਉਸ ਦੀ ਨਿਯੁਕਤੀ ਦੇ ਚਾਂਸ ਵਧ ਜਾਂਦੇ ਹਨ। ਹੁਣ ਐਨਕ ਲਗਾਉਣ ਵਾਲਾ ਵਿਅਕਤੀ ਕੰਮ ਕਰਨ ਵਾਲਾ ਅਤੇ ਸਮਝਦਾਰ ਮੰਨਿਆ ਜਾਣ ਲੱਗਿਆ ਹੈ। ਉਂਝ ਵੀ ਇਹ ਚਿਹਰੇ ਨੂੰ ਆਕਰਸ਼ਕ ਬਣਾਉਂਦਾ ਹੈ ਅਤੇ ਚੰਗਾ ਪ੍ਰਭਾਵ ਪਾਉਂਦਾ ਹੈ।

## ਕੰਮ ਵਿਚਾਲੇ 'ਬ੍ਰੇਕ' ਵੀ ਜ਼ਰੂਰੀ ਹੈ

ਦਫ਼ਤਰ ਵਿਚ ਕੰਮ ਕਰਨਾ ਬੈਠਣ ਦਾ ਕੰਮ ਹੈ। ਸੀਟ 'ਤੇ ਜੰਮ ਕੇ ਬੈਠ ਕੇ ਕੰਮ ਕਰਨਾ ਚੰਗੇ ਮੁਲਾਜ਼ਮ ਦਾ ਲੱਛਣ ਮੰਨਿਆ ਜਾਂਦਾ ਹੈ। ਬੌਸ ਵੀ ਇਸ ਨਾਲ ਖ਼ੁਸ਼ ਹੁੰਦਾ ਹੈ ਪਰ ਬਿਨਾਂ 'ਬ੍ਰੇਕ' ਲਗਾਤਾਰ ਕੰਮ ਕਰਨ ਨਾਲ ਸਰੀਰ ਮੁਸੀਬਤਾਂ ਨਾਲ ਘਿਰ ਜਾਂਦਾ ਹੈ ਅਤੇ ਕੁਰਸੀ 'ਤੇ ਬੈਠ ਕੇ ਲਗਾਤਾਰ ਕੰਮ ਕਰਨ ਦੀ ਬਜਾਏ ਵਿਚ-ਵਿਚਾਲੇ ਹਲਕੀ ਹਲਚਲ ਕਰੋ। ਇਹ ਬਲੱਡ ਪ੍ਰੈਸ਼ਰ, ਸ਼ੂਗਰ, ਮੋਟਾਪਾ, ਵਜ਼ਨ ਵਾਧਾ, ਬਵਾਸੀਰ, ਪੈਰ ਭਾਰੀ ਹੋਣ ਤੇ ਤਣਾਅ ਆਦਿ ਤੋਂ ਬਚਾਉਂਦਾ ਹੈ। ਸੀਟ ਛੱਡ ਕੇ ਜ਼ਿਆਦਾ ਦੂਰ ਨਾ ਜਾਓ। ਆਪਣੀ ਥਾਂ ਖੜ੍ਹੇ ਹੋਵੋ ਅਤੇ ਕੁਝ ਕਦਮ ਚੱਲੋ। ਮੂੰਹ ਧੋਵੋ, ਪਾਣੀ ਘੁੱਟ-ਘੁੱਟ ਕਰ ਕੇ ਪੀਓ ਅਤੇ ਫਿਰ ਤੋਂ ਤੁਸੀਂ ਕੰਮ ਕਰਨ ਲਈ ਤਰੋਤਾਜ਼ਾ ਹੋ ਜਾਓ। ਦਫ਼ਤਰ ਵਿਚ ਕੰਮ ਵਿਚਾਲੇ 'ਬ੍ਰੇਕ' ਲਓਗੇ ਤਾਂ ਸਰੀਰ ਸੁਡੋਲ ਰਹੇਗਾ ਅਤੇ ਤੁਸੀਂ ਸਿਹਤਮੰਦ ਰਹੋਗੇ।





# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਨਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ। ਫੋਨ ਨੰਬਰ-778-957-1670 July 15

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਇਚਛਨਟ ਫੋਟੋ ਅਨਦ ਬੋਿਦਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।

**Contact: 604-897-1298,**
**Whatsapp Number: 99-156-52029**

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking ਅਤੇ Coring** ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਨਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389






# ਪੰਜਾਬੀ ਮੁਟਿਆਰਾਂ ਵਿਆਹ ਮੌਕੇ ਕਿਉਂ ਪਹਿਨਦੀਆਂ ਹਨ ਚੂੜਾ ?

ਜੇਕਰ ਤੁਸੀਂ ਕੋਈ ਪੰਜਾਬੀ ਵਿਆਹ ਦੇਖਿਆ ਹੈ ਤਾਂ ਤੁਸੀਂ ਦੇਖਿਆ ਹੋਵੇਗਾ ਕਿ ਵਿਆਹ ਵਾਲੀ ਕੁੜੀ ਨੇ ਹੱਥਾਂ 'ਚ ਕੱਚ ਦੀਆਂ ਚੂੜੀਆਂ ਦੀ ਬਜਾਏ ਪੰਜਾਬੀ ਚੂੜਾ ਪਾਇਆ ਹੁੰਦਾ ਹੈ। ਭਾਰਤੀ ਸਭਿਆਚਾਰ 'ਚ ਕੱਚ ਦੀਆਂ ਹਰੀਆਂ ਲਾਲ ਚੂੜੀਆਂ ਨੂੰ ਬੇਹੱਦ ਸ਼ੁੱਭ ਮੰਨਿਆ ਜਾਂਦਾ ਹੈ ਤੇ ਚੂੜੀਆਂ ਨਾਲ ਭਰੇ ਵਹੁਟੀ ਦੇ ਹੱਥ ਉਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿੰਦੀਆਂ ਹਨ।। ਪੰਜਾਬੀ ਵਿਆਹ ਦੀ ਗੱਲ ਕੀਤੀ ਜਾਵੇ ਤਾਂ ਅਕਸਰ ਤੁਸੀਂ ਦੇਖਿਆ ਹੋਵੇਗਾ ਕਿ ਪੰਜਾਬੀ ਵਹੁਟੀ ਦੇ ਹੱਥਾਂ 'ਚ ਕੱਚ ਦੀਆਂ ਚੂੜੀਆਂ ਨਹੀਂ ਬਲਕਿ ਪੰਜਾਬੀ ਚੂੜਾ ਹੁੰਦਾ ਹੈ। ਅੱਜਕਲ੍ਹ ਚੂੜਾ ਪਾਉਣ ਦਾ ਰਿਵਾਜ ਇੰਨਾ ਵੱਧ ਗਿਆ ਹੈ ਕਿ ਹੁਣ ਭਾਰਤ ਦੇ ਹਰ ਕੋਨੇ 'ਚ ਕੁੜੀਆਂ ਆਪਣੇ ਵਿਆਹ ਦੇ ਮੌਕੇ 'ਤੇ ਚੂੜਾ ਹੀ ਪਹਿਨਣਾ ਪਸੰਦ ਕਰਦੀਆਂ ਹਨ ਕਰਦੀਆਂ ਹਨ। ਬੋਲਡਸਕਾਈ ਡਾਟ ਕਾਮ ਅਨੁਸਾਰ ਪੰਜਾਬੀਆਂ 'ਚ ਚੂੜਾ ਪਹਿਨਣ ਦਾ ਰਿਵਾਜ ਕੁਝ ਖਾਸ ਮਹੱਤਵ ਰੱਖਦਾ ਹੈ-

ਵੈਸੇ ਤਾਂ ਵਹੁਟੀਆਂ ਕਈ ਤਰ੍ਹਾਂ ਦੇ ਗਹਿਣੇ ਪਹਿਨਦੀਆਂ ਹਨ ਪਰ ਉਨ੍ਹਾਂ 'ਚੋਂ ਚੂੜੇ ਦਾ ਮਹਤੱਵ ਅਹਿਮ ਹੁੰਦਾ ਹੈ। ਪੰਜਾਬੀਆਂ 'ਚ ਵਿਆਹ ਵਾਲੀ ਵਹੁਟੀ ਦੇ ਘਰ ਚੂੜਾ ਤੇ ਕਲੀਰੇ ਨਾਂ ਦੀ ਰਸਮ ਵੀ ਨਿਭਾਈ ਜਾਂਦੀ ਹੈ।। ਵਿਆਹ ਵਾਲੀ ਕੁੜੀ ਲਈ ਉਸ ਦਾ ਮਾਮਾ ਚੂੜਾ ਲੈ ਕੇ ਆਉਂਦਾ ਹੈ ਜਿਸ 'ਚ ਲਾਲ ਤੇ ਚਿੱਟੇ ਰੰਗ ਦੀਆਂ 21 ਚੂੜੀਆਂ ਹੁੰਦੀਆਂ ਹਨ।। ਵਹੁਟੀ ਇਸ ਚੂੜੇ ਨੂੰ ਉਦੋਂ ਤੱਕ ਨਹੀਂ ਦੇਖ ਸਕਦੀ ਜਦੋਂ ਤੱਕ ਉਹ ਪੂਰੀ ਤਰ੍ਹਾਂ ਤਿਆਰ ਨਹੀਂ ਹੋ ਜਾਂਦੀ ਹੈ। ਚੂੜਾ ਪੰਜਾਬੀ ਰਿਵਾਜ ਦੇ ਹਿਸਾਬ ਨਾਲ ਵਹੁਟੀ ਨੂੰ ਲਗਭਗ 1 ਸਾਲ ਤੱਕ ਪਹਿਨ ਕੇ ਰੱਖਣਾ ਹੁੰਦਾ ਹੈ।। ਹਾਲਾਂਕਿ ਅੱਜਕਲ੍ਹ ਵਹੁਟੀ ਜ਼ਿਆਦਾ ਤੋਂ ਜ਼ਿਆਦਾ 40 ਦਿਨਾਂ ਤੱਕ ਹੀ ਇਸ ਨੂੰ ਪਹਿਨਦੀ ਹੈ ਚੂੜਾ, ਵਿਆਹੁਤਾ ਹੋਣ ਦਾ ਪ੍ਰਤੀਕ ਹੁੰਦਾ ਹੈ। ਨਾਲ ਹੀ ਇਹ ਖੁਸ਼ਹਾਲੀ ਦੀ ਵੀ ਪ੍ਰਤੀਕ ਹੁੰਦਾ ਹੈ। ਇਹ ਪਤੀ ਦੀ ਭਲਾਈ ਲਈ ਵੀ ਪਹਿਨਿਆ ਜਾਂਦਾ ਹੈ।

ਵਹੁਟੀ ਨੂੰ ਚੂੜਾ ਉਸ ਦੇ ਮਾਮੇ ਵੱਲੋਂ ਹੀ ਮਿਲਦਾ ਹੈ। ਉਸ ਦੌਰਾਨ ਕੁੜੀ ਦੀਆਂ ਅੱਖਾਂ ਉਸ ਦੀ ਮਾਂ ਬੰਦ ਕਰ ਦਿੰਦੀ ਹੈ ਤਾਂ ਜੋ ਉਹ ਚੂੜਾ ਨਾ ਦੇਖ ਸਕੇ। ਚੂੜੇ ਨੂੰ ਵਿਆਹ ਤੋਂ ਇਕ ਰਾਤ ਪਹਿਲਾਂ ਦੁੱਧ ਤੇ ਪਾਣੀ ਮਿਲਾ ਕੇ ਉਸ 'ਚ ਭਿਓਂ ਦਿੱਤਾ ਜਾਂਦਾ ਹੈ। ਚੂੜਾ ਉਤਾਰਣ ਦੀ ਰਸਮ ਵੀ ਪਹਿਲਾਂ ਇਕ ਛੋਟਾ ਜਿਹਾ ਸਮਾਰੋਹ ਕਰ ਕੇ ਵਹੁਟੀ ਦਾ ਚੂੜਾ ਲਾ ਕੇ ਉਸ ਦੀ ਥਾਂ ਕੱਚ ਦੀਆਂ ਚੂੜੀਆਂ ਪਾ ਦਿੱਤੀਆਂ ਜਾਂਦੀਆਂ ਸਨ। ਉਸ ਸਮੇਂ ਵਹੁਟੀ ਨੂੰ ਮਿਠਾਈ ਤੇ ਸ਼ਗਨ ਵੀ ਦਿੱਤਾ ਜਾਂਦਾ ਸੀ।। ਚੂੜਾ ਕਿਸੇ ਨਦੀ ਦੇ ਕਿਨਾਰੇ ਛੋਟੀ ਜਿਹੀ ਪੂਜਾ ਕਰ ਕੇ ਉਤਾਰ ਦਿੱਤਾ ਜਾਂਦਾ ਸੀ ਤੇ ਫਿਰ ਉਸੇ ਨਦੀ 'ਚ ਪ੍ਰਵਾਹ ਕਰ ਦਿੱਤਾ ਜਾਂਦਾ ਸੀ।

**ਕਲੀਰੇ**—ਹਰ ਪੰਜਾਬੀ ਲਾੜੀ ਚੂੜੀਆਂ 'ਚ ਕਲੀਰੇ ਵੀ ਬੰਨ੍ਹਦੀ ਹੈ ਜੋ ਉਸ ਦੀਆਂ ਸਹੇਲੀਆਂ ਲੈ ਕੇ ਆਉਂਦੀਆਂ ਹਨ।। ਕਲੀਰੇ ਦੀ ਰਸਮ ਠੀਕ ਚੂੜੇ ਦੀ ਰਸਮ ਤੋਂ ਬਾਅਦ ਹੁੰਦੀ ਹੈ। ਇਕ ਵਾਰ ਜਦੋਂ ਕਲੀਰੇ ਕੁੜੀ ਦੀਆਂ ਚੂੜੀਆਂ ਨਾਲ ਬੰਨ੍ਹ ਦਿੱਤੀਆਂ ਜਾਂਦੀਆਂ ਹਨ ਤੇ ਉਹ ਆਪਣੇ ਹੱਥਾਂ ਨੂੰ ਆਪਣੀਆਂ ਕੁਆਰੀਆਂ ਸਹੇਲੀਆਂ ਦੇ ਸਿਰ 'ਤੇ ਝਟਕ ਦੀ ਹੈ। ਫਿਰ ਕਲੀਰਾ ਜਿਸ ਦੇ ਸਿਰ 'ਤੇ ਡਿੱਗਦਾ ਹੈ, ਵਿਆਹ ਦਾ ਅਗਲਾ ਨੰਬਰ ਉਸ ਦਾ ਹੁੰਦਾ ਹੈ ਅਜਿਹਾ ਕਿਹਾ ਜਾਂਦਾ ਹੈ।











# ਜੀਵਨ ਰੱਖਿਆ ਲਈ ਜ਼ਰੂਰੀ ਹੈ ਪਾਣੀ

ਆਮ ਤੌਰ 'ਤੇ ਜਦੋਂ ਸਾਨੂੰ ਪਿਆਸ ਲਗਦੀ ਹੈ ਤਾਂ ਉਦੋਂ ਅਸੀਂ ਪਾਣੀ ਪੀਂਦੇ ਹਾਂ ਜਦ ਕਿ ਪਾਣੀ ਪੀਣ ਦੀ ਆਦਤ ਹਰੇਕ ਵਿਅਕਤੀ ਨੂੰ ਪਾਉਣੀ ਚਾਹੀਦੀ ਹੈ। ਗਰਮੀ ਦੇ ਦਿਨਾਂ ਵਿਚ 2 ਤੋਂ 3 ਗਿਲਾਸ ਜ਼ਿਆਦਾ ਪਾਣੀ ਪੀਓ। ਜਦੋਂ ਵੀ ਤੁਹਾਨੂੰ ਕਿਸੇ ਤਰ੍ਹਾਂ ਦੀ ਐਲਰਜੀ ਜਾਂ ਸਿਰ ਦਰਦ ਹੋਵੇ ਤਾਂ ਜ਼ਿਆਦਾ ਪਾਣੀ ਪੀਓ। ਇਸ ਨਾਲ ਪਿਸ਼ਾਬ ਰਾਹੀਂ ਸਰੀਰ ਤੋਂ ਟਾਕਸਿਨਜ਼ ਬਾਹਰ ਨਿਕਲ ਜਾਂਦੇ ਹਨ। ਸਰੀਰ ਦੇ ਸਹੀ ਪੋਸ਼ਣ ਲਈ ਪਾਣੀ ਦੀ ਸੰਤੁਲਿਤ ਮਾਤਰਾ ਜ਼ਰੂਰੀ ਹੁੰਦੀ ਹੈ। ਹਰ ਦਿਨ 6 ਤੋਂ 8 ਗਿਲਾਸ ਪਾਣੀ ਹਰ ਵਿਅਕਤ ਲਈ ਪੀਣਾ ਜ਼ਰੂਰੀ ਹੁੰਦਾ ਹੈ। ਅਲਕੋਹਲ, ਕਾਫੀ, ਚਾਹ ਅਤੇ ਸੋਢੇ ਵਰਗੇ ਪੀਣ ਵਾਲੇ ਪਦਾਰਥ ਸਾਡੇ ਟਿਸ਼ੂਜ਼ ਨੂੰ ਪਾਣੀ ਦੀ ਪੂਰਤੀ ਨਹੀਂ ਕਰਦੇ ਅਤੇ ਵਿਅਕਤੀ ਡੀਹਾਈਡ੍ਰੇਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ। ਫਲਾਂ ਦਾ ਜੂਸ ਅਤੇ ਸੂਪ ਕੁਝ ਹੱਦ ਤੱਕ ਪਾਣੀ ਦੀ ਕਮੀ ਦੀ ਪੂਰਤੀ ਕਰਦੇ ਹਨ। ਦਿਮਾਗ ਅਤੇ ਮਸਲਜ਼ 75 ਫ਼ੀਸਦੀ ਪਾਣੀ ਤੋਂ ਬਣੇ ਹਨ ਅਤੇ ਖ਼ੂਨ ਵਿਚ 85 ਫ਼ੀਸਦੀ ਪਾਣੀ ਹੈ ਭਾਵ ਹੱਡੀਆਂ ਅਤੇ ਫੈਟ ਟਿਸ਼ੂ ਨੂੰ ਛੱਡ ਦਈਏ ਤਾਂ ਜ਼ਿਆਦਾਤਰ ਸਾਡਾ ਸਰੀਰ ਪਾਣੀ ਤੋਂ ਬਣਿਆ ਹੈ। ਸਾਡੇ ਸਰੀਰ ਨੂੰ ਇਕ ਗੁੰਝਲਦਾਰ ਪਾਣੀ ਪ੍ਰਣਾਲੀ ਕਿਹਾ ਜਾ ਸਕਦਾ ਹੈ। ਛੋਟੀਆਂ ਤੇ ਵੱਡੀਆਂ ਕਈ ਤਰ੍ਹਾਂ ਦੀਆਂ ਨਾੜੀਆਂ ਵਿਚੋਂ ਉਸ ਦੇ ਇਕ ਅੰਸ਼ ਨੂੰ ਦੂਜੇ ਅੰਸ਼ ਵਿਚ ਵੱਖ-ਵੱਖ ਤਰ੍ਹਾਂ ਦੇ ਤਰਲ ਪਦਾਰਥ ਹਰ ਪਲ ਦੌਰਾ ਕਰਦੇ ਹਨ। ਕੁਦਰਤ ਸਰੀਰ ਦੇ ਹਰੇਕ ਤੰਤੂ ਨੂੰ ਜੋ ਖਾਣ ਵਾਲੀ ਚੀਜ਼ ਦਿੰਦੀ ਹੈ, ਪਾਣੀ ਹੀ ਉਸ ਦਾ ਵਾਹਨ ਹੈ। ਜੇਕਰ ਅਸੀਂ ਇਸ ਤਰ੍ਹਾਂ ਨਾ ਕਰੀਏ ਤਾਂ ਕੁਦਰਤ ਖ਼ੂਨ, ਮਾਸਪੇਸ਼ੀਆਂ ਅਤੇ ਸਰੀਰ ਦੇ ਵੱਖ-ਵੱਖ ਤੰਤੂਆਂ 'ਚੋਂ ਪਾਣੀ ਦੇ ਅੰਸ਼ ਲੈਣ ਲਈ ਮਜਬੂਰ ਹੁੰਦੀ ਹੈ। ਨਤੀਜੇ ਵਜੋਂ ਪਿਆਸ ਵਧਦੀ ਹੈ, ਅੱਖਾਂ ਬੈਠ ਜਾਂਦੀਆਂ ਹਨ, ਬੁੱਲ੍ਹ ਅਤੇ ਜੀਭ ਸੁੱਕ ਜਾਂਦੀ ਹੈ, ਮਲ ਸਖ਼ਤ ਹੁੰਦਾ ਹੈ, ਵਜ਼ਨ ਘਟ ਜਾਂਦਾ ਹੈ ਅਤੇ ਸਰੀਰ ਵਿਚ ਪਾਣੀ ਦੀ ਘਾਟ ਹੋਣ ਨਾਲ ਪਿੱਤੇ ਅਤੇ ਖਟਾਸ ਦੇ ਅਨੁਪਾਤ ਵਿਚ ਬਦਲਾਅ ਆਉਂਦਾ ਹੈ ਅਤੇ ਕਦੀ-ਕਦੀ ਸਰੀਰ ਦਾ ਤਾਪਮਾਨ ਵਧ ਜਾਂਦਾ ਹੈ।



ਸਰੀਰ ਵਿਚੋਂ ਬਹੁਤ ਸਾਰੇ ਜ਼ਹਿਰੀਲੇ ਤੱਤ ਹਰ ਰੋਜ਼ ਬਾਹਰ ਨਿਕਲਦੇ ਹਨ ਅਤੇ ਇਹ ਸਿਰਫ਼ ਪਾਣੀ ਦੇ ਮਾਧਿਅਮ ਰਾਹੀਂ ਹੀ ਸੰਭਵ ਹੁੰਦਾ ਹੈ। ਜੇਕਰ ਇਸ ਤਰ੍ਹਾਂ ਨਾ ਹੋਵੇ ਤਾਂ ਸਰੀਰ ਦਾ ਜ਼ਹਿਰੀਲਾ ਅੰਸ਼ ਅੰਦਰ ਰੁਕ ਕੇ ਖ਼ੂਨ ਨੂੰ ਜ਼ਹਿਰੀਲਾ ਬਣਾ ਦਿੰਦਾ ਹੈ ਅਤੇ ਇਸ ਨਾਲ ਹੋਣ ਵਾਲਾ ਰੋਗ ਯੂਰੇਮੀਆ ਕਹਾਉਂਦਾ ਹੈ।

ਪਾਣੀ ਪੀਣ ਦਾ ਨਿਯਮ ਇਹੀ ਹੈ ਕਿ ਜਦੋਂ ਪੇਟ ਖਾਲੀ ਹੋਵੇ, ਉਦੋਂ ਹੀ ਪਾਣੀ ਨੂੰ ਪੀਣਾ ਚਾਹੀਦਾ ਹੈ। ਇਸ ਲਈ ਪਾਣੀ ਪੀਣ ਦਾ ਸਰਬੋਤਮ ਸਮਾਂ ਸਵੇਰੇ ਉੱਠਦਿਆਂ ਹੀ ਹੁੰਦਾ ਹੈ। ਸਹੀ ਪਾਣੀ ਪੀਣ ਨਾਲ ਸਰੀਰ ਦੀਆਂ ਵੱਖ-ਵੱਖ ਰਿਸਾਅ ਗ੍ਰੰਥੀਆਂ ਦਾ ਰਿਸਾਅ ਵਧਦਾ ਹੈ।

ਪਾਣੀ ਦੇ ਨਾਲ ਨਿੰਬੂ ਦਾ ਰਸ ਲੈਣ ਨਾਲ ਜ਼ਿਆਦਾ ਲਾਭ ਹੁੰਦਾ ਹੈ। ਨਿੰਬੂ ਪਾਣੀ ਪੀਣ ਨਾਲ ਖਾਣ ਵਾਲੀਆਂ ਚੀਜ਼ਾਂ ਛੋਟੀ ਅੰਤੜੀ ਵਿਚ ਸੜ ਨਹੀਂ ਪਾਉਂਦੀਆਂ ਅਤੇ ਉਸ ਵਿਚ ਜ਼ਹਿਰੀਲੇ ਤੱਤ ਪੈਦਾ ਨਹੀਂ ਹੁੰਦੇ। ਪਾਣੀ ਸਰੀਰ ਦੀ ਸਫਾਈ ਦੀ ਇਕ ਵਿਧੀ ਹੈ। ਪਾਣੀ ਪੀਂਦੀਆਂ ਹੀ ਉਹ ਖ਼ੂਨ ਰਾਹੀਂ ਸਰੀਰ ਦੇ ਤੰਤੂਆਂ 'ਚ ਫੈਲ ਜਾਂਦਾ ਹੈ ਅਤੇ ਸਰੀਰ ਦੇ ਅਣੂ-ਪ੍ਰਮਾਣੂ ਤੱਕ ਨੂੰ ਧੋ ਕੇ ਵੱਖ-ਵੱਖ ਤਰ੍ਹਾਂ ਦਾ ਕੂੜਾ ਲੈ ਕੇ ਸਰੀਰ ਤੋਂ ਬਾਹਰ ਨਿਕਲ ਜਾਂਦਾ ਹੈ। ਪੀਣੀ ਖ਼ੁਦ ਵਿਚ ਹੀ ਇਕ ਇਲਾਜ ਹੈ।

ਅਜੀਰਣ ਰੋਗ ਵਿਚ ਪਾਣੀ ਦਵਾਈ ਦਾ ਕੰਮ ਕਰਦਾ ਹੈ। ਮੰਦ ਅਗਨੀ ਵਿਚ ਭੋਜਨ ਦੇ ਅੱਧੇ ਘੰਟੇ ਤੋਂ 45 ਮਿੰਟ ਪਹਿਲਾਂ ਤੱਕ ਅੱਧਾ ਗਿਲਾਸ ਠੰਢਾ ਪਾਣੀ ਪੀਣ ਨਾਲ ਠੰਢਕ ਦੀ ਪ੍ਰਤੀਕਿਰਿਆ ਨਾਲ ਸਰੀਰ ਨੂੰ ਬੜਾ ਫ਼ਾਇਦਾ ਹੁੰਦਾ ਹੈ।

ਬੁਖਾਰ ਸਮੇਂ ਪਾਣੀ ਪੀਣ ਨਾਲ ਬਹੁਤ ਲਾਭ ਹੁੰਦਾ ਹੈ। ਰੋਗੀ ਜਿੰਨਾ ਪਾਣੀ ਬਿਨਾਂ ਕਸ਼ਟ ਦੇ ਪੀ ਸਕਦਾ ਹੈ, ਓਨਾ ਹੀ ਪਾਣੀ ਉਸ ਨੂੰ ਪੀਣ ਦੇਣਾ ਚਾਹੀਦਾ ਹੈ। ਜ਼ੁਕਾਮ ਹੋਣ 'ਤੇ ਨਿੰਬੂ ਦੇ ਰਸ ਦੇ ਨਾਲ ਪਾਣੀ ਪੀਣਾ ਠੀਕ ਹੁੰਦਾ ਹੈ। ਇਸ ਨਾਲ ਸਰੀਰ ਦਾ ਜ਼ਹਿਰ ਬਾਹਰ ਨਿਕਲ ਜਾਂਦਾ ਹੈ ਅਤੇ ਰੋਗ ਘੱਟ ਹੋ ਜਾਂਦਾ ਹੈ। ਵਾਤ ਅਤੇ ਜੋੜਾਂ ਦੀ ਸੋਜ਼ ਆਦਿ ਵਿਚ ਪਾਣੀ ਪੀਣਾ ਜ਼ਿਆਦਾ ਲਾਭਕਾਰੀ ਹੁੰਦਾ ਹੈ। ਇਹ ਖ਼ੂਨ ਪ੍ਰਵਾਹ ਨੂੰ ਪਤਲਾ ਕਰਦਿਆਂ ਹੋਇਆਂ ਯੂਰਿਕ ਐਸਿਡ ਅਤੇ ਹੋਰ ਹਾਨੀਕਾਰਕ ਪਦਾਰਥਾਂ ਨੂੰ ਘੋਲ ਕੇ ਸਰੀਰ ਤੋਂ ਬਾਹਰ ਕੱਢ ਦਿੰਦਾ ਹੈ।

ਪੱਥਰੀ 'ਚ ਜਿੰਨਾ ਸੰਭਵ ਹੋਵੇ, ਪਾਣੀ ਪੀਣਾ ਚਾਹੀਦਾ ਹੈ। ਪਿੱਤੇ ਦੀ ਪੱਥਰੀ ਵਿਚ ਪਾਣੀ ਪੀਣ ਨਾਲ ਪੱਥਰੀ ਘੁਲ ਜਾਂਦੀ ਹੈ ਅਤੇ ਪਿੱਤਾ ਇਸ ਤਰ੍ਹਾਂ ਪਤਲਾ ਹੋ ਜਾਂਦਾ ਹੈ ਕਿ ਉਹ ਠੋਸ ਨਹੀਂ ਰਹਿੰਦਾ ਅਤੇ ਠੋਸ ਪੱਥਰ ਵੀ ਹੌਲੀ-ਹੌਲੀ ਪਿਘਲ ਕੇ ਬਾਹਰ ਨਿਕਲ ਜਾਂਦਾ ਹੈ।

ਸ਼ੂਗਰ ਰੋਗ ਵਿਚ ਸਰੀਰ ਵਿਚ ਵਾਧੂ ਚੀਨੀ ਜਮ੍ਹਾਂ ਹੋ ਜਾਂਦੀ ਹੈ। ਪਾਣੀ ਪੀਣ ਨਾਲ ਉਹ ਪਸੀਨੇ ਅਤੇ ਪਿਸ਼ਾਬ ਰਾਹੀਂ ਬਾਹਰ ਨਿਕਲ ਜਾਂਦੀ ਹੈ। ਇਕ ਅਨੁਭਵੀ ਡਾਕਟਰ ਦਾ ਕਹਿਣਾ ਹੈ ਕਿ ਜੇਕਰ ਹਰੇਕ ਵਿਅਕਤੀ ਹਰ ਰੋਜ਼ ਅੱਠ ਗਿਲਾਸ ਪਾਣੀ ਪੀਵੇ ਤਾਂ ਦੋ ਪੀੜ੍ਹੀਆਂ ਦੇ ਅੰਦਰ ਦੁਨੀਆ ਤੋਂ ਸ਼ੂਗਰ ਰੋਗ ਸੰਪੂਰਨ ਰੂਪ ਵਿਚ ਖ਼ਤਮ ਹੋ ਸਕਦਾ ਹੈ। ਪਾਣੀ ਸਭ ਹਾਲਤਾਂ ਵਿਚ ਲਾਭਕਾਰੀ ਹੋਣ 'ਤੇ ਵੀ ਪੀਣ ਵੇਲੇ ਕਿਸੇ-ਕਿਸੇ ਸਮੇਂ ਸਾਵਧਾਨੀ ਵਰਤਣੀ ਵੀ ਜ਼ਰੂਰੀ ਹੁੰਦੀ ਹੈ।

ਕਦੀ ਠੰਢਾ ਪਾਣੀ ਨਹੀਂ ਪੀਣਾ ਚਾਹੀਦਾ। ਜਦੋਂ ਬੁਖਾਰ ਨਾਲ ਰੋਗੀ ਨੂੰ ਪਸੀਨਾ ਆਉਂਦਾ ਹੈ, ਉਦੋਂ ਕਿਸੇ ਵੀ ਹਾਲਤ ਵਿਚ ਉਸ ਨੂੰ ਠੰਢਾ ਪਾਣੀ ਨਹੀਂ ਦੇਣਾ ਚਾਹੀਦਾ। ਉਸ ਸਮੇਂ ਪਿਆਸ ਲੱਗਣ 'ਤੇ ਗਰਮ ਪਾਣੀ ਦਿੱਤਾ ਜਾ ਸਕਦਾ ਹੈ।

ਬਹੁਤ ਕਮਜ਼ੋਰ ਵਿਅਕਤੀ ਨੂੰ ਵੀ ਕਦੀ ਜ਼ਿਆਦਾ ਠੰਢਾ ਪਾਣੀ ਨਹੀਂ ਪੀਣਾ ਚਾਹੀਦਾ ਅਤੇ ਨਾ ਹੀ ਇਕੱਠਾ ਜ਼ਿਆਦਾ ਪਾਣੀ ਪੀਣਾ ਚਾਹੀਦਾ। ਜੋ ਲੋਕ ਪਾਣੀ ਨਹੀਂ ਪੀ ਸਕਦੇ, ਉਨ੍ਹਾਂ ਨੂੰ ਪਹਿਲਾਂ ਪਹਿਲ ਸਿਰਫ਼ ਇਕ ਚੌਥਾਈ ਗਿਲਾਸ ਪਾਣੀ ਪੀਣਾ ਚਾਹੀਦਾ ਹੈ ਅਤੇ ਹੌਲੀ ਹੌਲੀ ਮਾਤਰਾ ਵਧਾਉਣੀ ਚਾਹੀਦੀ ਹੈ।



# ਗੁਰਦੁਆਰਾ ਸਾਹਿਬ ਸੁਖ ਸਾਗਰ

# 347 Wood Street New Westminster BC.

Ph. : 604 521 3111, Fax: 604-521-4936 Email: INFO@SUKHSAGAR.CA WWW.SUKHSAGAR.CA

ਸ਼ਹੀਦਾਂ ਦੇ ਸਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ



## 25 ਜੂਨ ਨੂੰ ਨਗਰ ਕੀਰਤਨ

## Nagar Kirtan

**Sunday, June 25th @ 9AM**

At Queensborough Community Centre:
920 Ewen Ave., New Westminster

ਸਾਰੇ ਗੁਰੂ ਘਰਾਂ ਤੋਂ ਸਵੇਰੇ 9.30 ਵਜੇ ਅਤੇ 11 ਵਜੇ ਨਗਰ ਕੀਰਤਨ ਲਈ ਬੱਸ ਸੇਵਾ ਚੱਲੇਗੀ।

Kirtan, Katha, Dhadi, Speaches, Gatka, Kids's Waterpark & Food Stall All day in the park

## ਆਤਮ ਰਸ

## ਕੀਰਤਨ ਦਰਬਾਰ 16 ਤੋਂ 25 ਜੂਨ



ਭਾਈ
ਆਤਮਜੋਤ ਸਿੰਘ



ਭਾਈ
ਅਨੰਤਵੀਰ ਸਿੰਘ



ਭਾਈ
ਸੁਖਵਿੰਦਰ ਸਿੰਘ

ਰੋਜ਼ਾਨਾ ਸ਼ਾਮ 7.15 ਵਜੇ ਤੋਂ 9.00 ਵਜੇ ਤੱਕ

@Gurdwara Sahib Sukh Sagar New Westminster B.C. 604 537 8300, 604 521 3111

ਗੁਰੂ ਘਰ ਵਿਖੇ ਪ੍ਰੋਗਰਾਮ ਬੁੱਕ ਕਰਵਾਉਣ ਲਈ ਸੰਪਰਕ ਕਰੋ ਜੀ : 604-521-3111,
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : 604-537-8300, ਫੈਕਸ : 604-521-4936



# ਏਲਨ ਮਸਕ ਨਾਲ ਮੋਦੀ ਨੇ ਕੀਤੀ ਮੁਲਾਕਾਤ

ਵਾਸ਼ਿੰਗਟਨ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਅਮਰੀਕੀ ਦੌਰੇ 'ਤੇ ਹਨ। ਇਸ ਦੌਰਾਨ ਬੁੱਧਵਾਰ ਨੂੰ ਉਨ੍ਹਾਂ ਨੇ ਟੇਸਲਾ ਦੇ ਸੀਈਓ ਏਲਨ ਮਸਕ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੁਨੀਆਂ ਦੀ ਸਭ ਤੋਂ ਵੱਡੀ ਇਲੈਕਟ੍ਰਿਕ ਕਾਰ ਕੰਪਨੀ ਟੇਸਲਾ ਦੀ ਭਾਰਤ 'ਚ ਐਂਟਰੀ ਨੂੰ ਲੈ ਕੇ ਵੀ ਗੱਲਬਾਤ ਹੋਈ। ਮੀਟਿੰਗ ਤੋਂ ਬਾਅਦ ਟੇਸਲਾ ਦੇ ਸੀਈਓ ਏਲਨ ਮਸਕ ਨੇ ਭਾਰਤੀ ਬਾਜ਼ਾਰ 'ਚ ਟੇਸਲਾ ਦੀ ਐਂਟਰੀ ਨੂੰ ਲੈ ਕੇ ਵੱਡਾ ਦਾਅਵਾ ਕੀਤਾ। ਨਿਊਯਾਰਕ ਦੇ ਪੈਲੇਸ ਹੋਟਲ 'ਚ ਏਲਨ ਮਸਕ ਨੇ ਕਿਹਾ ਕਿ ਕੰਪਨੀ ਆਉਣ ਵਾਲੇ ਸਮੇਂ 'ਚ ਭਾਰਤ 'ਚ ਨਿਵੇਸ਼ ਕਰੇਗੀ, ਜੋ ਦੇਸ਼ ਲਈ ਮਹੱਤਵਪੂਰਨ ਵਿਕਾਸ ਹੋਵੇਗਾ। ਇਸ ਦੌਰਾਨ ਐਲੋਨ ਮਸਕ ਨੇ ਪੀ.ਐੱਮ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਭਾਰਤ ਵਿੱਚ ਨਿਵੇਸ਼ ਕਰਨ ਦੀ ਯੋਜਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਹ ਖੁਦ ਅਗਲੇ ਸਾਲ ਭਾਰਤ ਆਉਣ ਦੀ ਯੋਜਨਾ ਬਣਾ ਰਹੇ ਹਨ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਟੇਸਲਾ ਭਾਰਤ ਵਿੱਚ ਹੋਵੇਗੀ। ਉਨ੍ਹਾਂ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਕੁਝ ਐਲਾਨ ਕਰ ਸਕਾਂਗੇ। ਇਹ ਭਾਰਤ ਨਾਲ ਸਾਡੇ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਨਿਵੇਸ਼ ਹੋਵੇਗਾ।

# ਅਮਰੀਕਾ ਦੀ ਮਹਿਲਾ ਜੇਲ੍ਹ 'ਚ ਗੈਂਗਵਾਰ ਦੌਰਾਨ ਔਰਤਾਂ ਨੂੰ ਅੱਗ ਲਾ ਕੇ ਅਤੇ ਗੋਲੀਆਂ ਕੇ ਮਾਰਿਆ




ਵਾਸ਼ਿੰਗਟਨ-ਅਮਰੀਕਾ ਦੇ ਹੋਂਡੁਰਸ ਦੀ ਤਮਾਰਾ ਵੂਮੈਨ ਜੇਲ੍ਹ 'ਚ ਗੈਂਗ ਵਾਰ ਦੌਰਾਨ 41 ਕੈਦੀਆਂ ਦੀ ਮੌਤ ਹੋ ਗਈ ਹੈ। ਹਸਪਤਾਲ ਲਿਜਾਂਦੇ ਸਮੇਂ ਇਕ ਕੈਦੀ ਨੇ ਖੁਲਾਸਾ ਕੀਤਾ ਕਿ ਗੈਂਗ-18 ਦੀਆਂ ਔਰਤਾਂ ਗੈਂਗ-13 ਦੇ ਮਾਡਿਊਲ ਕੋਲ ਗਈਆਂ, ਜਿਸ ਤੋਂ ਬਾਅਦ ਉਨ੍ਹਾਂ ਵਿਚਾਲੇ ਗੋਲੀਬਾਰੀ ਹੋ ਗਈ। ਇਸ ਦੀਆਂ ਵੀਡੀਓਜ਼ ਵੀ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ।ਜੇਲ੍ਹ ਅਧਿਕਾਰੀਆਂ ਨੇ ਦੱਸਿਆ ਹੈ ਕਿ ਇਸ ਗੈਂਗ ਵਾਰ ਦੌਰਾਨ 25 ਔਰਤਾਂ ਨੂੰ ਅੱਗ ਲਾ ਕੇ ਮਾਰ ਦਿੱਤਾ ਗਿਆ ਅਤੇ 16 ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ। ਹਾਲਾਂਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਸਾਰੀਆਂ ਕੈਦੀ ਸਨ ਜਾਂ ਨਹੀਂ।ਹੋਂਡੂਰਾਸ ਵਿਚ ਜੇਲ੍ਹ ਵਿਚ ਘਾਤਕ ਘਟਨਾਵਾਂ ਦਾ ਇਤਿਹਾਸ ਰਿਹਾ ਹੈ। ਇਸ ਤੋਂ ਪਹਿਲਾਂ 2012 ਅਤੇ 2092 ਵਿੱਚ ਵੀ ਘਾਤਕ ਘਟਨਾਵਾਂ ਹੋ ਚੁੱਕੀਆਂ ਹਨ।

# ਕਾਰ ਵਿਚ ਫਸੇ ਤਿੰਨ ਬੱਚਿਆਂ ਦੀ ਸਾਹ ਘੁੱਟਣ ਕਾਰਣ ਹੋਈ ਮੌਤ

ਨਾਗਪੁਰ-ਨਾਗਪੁਰ ਵਿਚ ਖੇਡਣ ਲਈ ਕਾਰ 'ਚ ਫਸੇ ਤਿੰਨ ਬੱਚਿਆਂ ਦੀ ਸਾਹ ਘੁੱਟਣ ਨਾਲ ਮੌਤ ਹੋ ਗਈ। ਕਾਰ ਦੇ ਦਰਵਾਜ਼ੇ ਲਾਕ ਹੋ ਗਏ ਤੇ ਬਹੁਤ ਕੋਸ਼ਿਸ਼ ਕਰਨ ਤੋਂ ਬਾਅਦ ਵੀ ਉਹ ਬਾਹਰ ਨਹੀਂ ਨਿਕਲ ਸਕੇ। ਪੋਸਟਮਾਰਟਮ ਰਿਪੋਰਟ 'ਚ ਬੱਚਿਆਂ ਦੀ ਮੌਤ ਦਾ ਕਾਰਨ ਸਾਹ ਘੁੱਟਣਾ ਦੱਸਿਆ ਗਿਆ ਹੈ। ਇਹ ਕਾਰ ਨਾਗਪੁਰ ਦੇ ਇਕ ਸਥਾਨਕ ਵਿਅਕਤੀ ਦੀ ਸੀ, ਜੋ ਆਸਪਾਸ ਦੇ ਇਕ ਗੈਰੇਜ ਮਕੈਨਿਕ ਨੇ ਪਾਵਰਲੂਮ ਵਰਕਸ਼ਾਪ ਦੇ ਬਾਹਰ ਖੜ੍ਹਾ ਕੀਤਾ ਸੀ। ਇਹ ਬੱਚੇ ਫਾਰੂਕ ਨਗਰ ਤੋਂ ਲਾਪਤਾ




ਸਨ। ਉਹ ਸ਼ਨਿਚਰਵਾਰ ਦੁਪਹਿਰ ਆਪਣੇ ਘਰ ਬਾਹਰ ਖੇਡਣ ਲਈ ਗਏ ਸਨ। ਇਸੇ ਦੌਰਾਨ ਉਹ ਕੋਲ ਖੜ੍ਹੀ ਕਾਰ 'ਚ ਵੜ ਗਏ। ਇਸੇ ਦੌਰਾਨ ਉਸ ਦੇ ਦਰਵਾਜ਼ੇ ਲਾਕ ਹੋ ਗਏ। ਬਹੁਤ ਕੋਸ਼ਿਸ਼ ਤੋਂ ਬਾਅਦ ਵੀ ਬੱਚੇ ਕਾਰ 'ਚੋਂ ਬਾਹਰ ਨਹੀਂ ਨਿਕਲ ਸਕੇ। ਤਕਰੀਬਨ 30 ਘੰਟੇ ਬਾਅਦ ਇਕ ਸਥਾਨਕ ਔਰਤ ਨੇ ਉੱਥੋਂ ਬਦਬੂ ਆਉਣ ਦੀ ਸ਼ਿਕਾਇਤ ਕੀਤੀ, ਜਿਸ ਤੋਂ ਬਾਅਦ ਸਥਾਨਕ ਲੋਕ ਅਤੇ ਪੁਲਿਸ ਦੀ ਟੀਮ ਕਾਰ ਦੀ ਜਾਂਚ ਲਈ ਮੌਕੇ 'ਤੇ ਪਹੁੰਚੀ। ਪੁਲਿਸ ਨੂੰ ਕਾਰ 'ਚੋਂ ਤਿੰਨੋਂ ਬੱਚਿਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ।

TSM GALLERY

High quality artwork for your home or business, religious or public places.
We specialize in all kind of wallpaper installation.

Tejpal Singh Mann (Artist)
778-885-2197

9353 120st Delta BC (By Appointment)
www.tsmgallery.ca | www.jollyarts.ca

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .



ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।


ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED


Bank Turndown?
Could be just
what you need!
Quick
Private
Funds
$10,000 to
$1 Million in
just 24 Hours
Up to $5 Million
Available
Call today to get started
SANJEEV KATYAL
604.767.5194
Info@katyalmortgage.ca
invis
Canada's Mortgage Experts™
WWW.KATYALMORTGAGE.CA


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden or Ataulfo Mangoes 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋਂ
$14.99 box
EXTRA SUPER SUPER SPECIAL
Okra Regular or Indian
ਭਿੰਡੀ ਰੋਜਾਨਾ ਅਤੇ ਦੇਸੀ
$2.48 lb
Indian Eggplants
ਦੇਸੀ ਬਤਾਊਂ
$1.49 lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.98 ea.
SUPER SPECIAL
Red, Yellow & Orange Peppers
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Desi Karela
ਦੇਸੀ ਕਰੇਲਾ
$1.79 lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ,ਮਸਰਾਂ ਦੀ ਸਾਬਤ ਦਾਲ,ਧੋਤੀ ਮਸਰਾਂ ਦੀ ਦਾਲ( ਇੰਡੀਕੈਨ )
$3.98 bag
Zucchini Squash
ਜ਼ੁਕੀਨੀ ਸਕੁਐਸ਼
99¢ lb
SUPER SPECIAL
Cherries
ਚੈਰੀਆਂ
$1.99 lb
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
79¢ lb
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Chickpeas
ਚਿੱਟੇ ਛੋਲੇ
99¢ lb
Petha Kadhu
ਪੇਠਾ ਕੱਦੂ
$1.29 lb
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$5.98 bag
Spinach
ਪਾਲਕ
$1.29 bunch
Fresh Ginger
ਤਾਜ਼ਾ ਅਦਰਕ
$2.89 lb
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਨ ਅਸਾਮ ਚਾਹ
$7.99 box
English Cucumbers
ਇੰਗਲਿਸ਼ ਖੀਰੇ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Gala Apples
ਗਾਲਾ ਸੇਬ
$1.49 lb
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
Rapini (Sarson da Saag)
ਸਰਸੋਂ ਦਾ ਸਾਗ
$2.49 bunch
Cilantro
ਧਣੀਆ
2 bunches for $1.50
Roma Tomatoes
ਰੋਮਾ ਟਮਾਟਰ
$1.49 lb
Fresh Garlic
ਤਾਜ਼ਾ ਲਸਣ
$1.49 lb
Green Cardamom (Elaichi) IBG
ਹਰੀ ਇਲਾਇਚੀ
$13.99 lb
Product images may differ from the actual product.
Fri June 23, 2023 - Wed June 28, 2023
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9AM - 9PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520